


ਸੱਚੀ ਅਤੇ ਨਿਰਪੱਖ ਵਿਚਾਰਧਾਰਾ

# CEE7NEWS

Daily Digital Edition




Ludhiana, Saturday 04 April, 2026
Ludhiana, Saturday 04 April, 2026
website: www.cee7news.com

# ਰਾਜ ਸਭਾ ਮੈਂਬਰ ਰਾਘਵ ਚੱਢਾ ਨੇ ਆਪਣੀ ਚੁੱਪ ਨੂੰ ਰਾਜਨੀਤਿਕ ਹਾਰ ਵਜੋਂ ਨਾ ਲੈਣ ਦੀ ਗੱਲ ਕੀਤੀ ਹੈ

## ਉਨ੍ਹਾਂ ਇੱਕ ਵੀਡੀਓ ਸੰਦੇਸ਼ ਰਾਹੀਂ ਆਪ ਲੀਡਰਸ਼ਿਪ ਨੂੰ ਸਾਫ਼ ਚੇਤਾਵਨੀ ਦਿੱਤੀ

**Cee7 News | Chandigarh**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਇਸ ਮਾਮਲੇ 'ਤੇ ਤਿੱਖੀ ਪ੍ਰਤੀਕਿਰਿਆ ਦਿੱਤੀ। ਉਨ੍ਹਾਂ ਕਿਹਾ ਕਿ ਲੱਗਦਾ ਹੈ ਰਾਘਵ ਚੱਢਾ ਨੇ ਸਮਝੌਤਾ ਕਰ ਲਿਆ ਹੈ। ਮਾਨ ਨੇ ਇਹ ਵੀ ਕਿਹਾ ਕਿ ਰਾਘਵ ਚੱਢਾ ਅਹਿਮ ਮੁੱਦਿਆਂ ਤੋਂ ਬਚਦੇ ਹਨ ਅਤੇ ਉਨ੍ਹਾਂ ਦੀ ਬਜਾਏ ਸੰਸਦ ਵਿੱਚ 'ਸਮੋਸੇ ਅਤੇ ਪੀਜ਼ਾ' ਵਰਗੀਆਂ ਛੋਟੀਆਂ ਗੱਲਾਂ ਚੁੱਕਦੇ ਹਨ। ਭਗਵੰਤ ਮਾਨ ਨੇ ਇਸ ਤੋਂ ਇਲਾਵਾ ਕਿਹਾ ਕਿ ਰਾਘਵ ਚੱਢਾ ਨੇ ਪਾਰਟੀ ਵ੍ਹਿਪ ਦੀ ਉਲੰਘਣਾ ਕੀਤੀ ਹੈ ਅਤੇ ਪੱਛਮੀ ਬੰਗਾਲ ਵਿੱਚ ਵੋਟਾਂ ਕੱਟਣ ਵਿਰੁੱਧ ਜਾਂ ਗੁਜਰਾਤ ਵਿੱਚ ਪਾਰਟੀ ਵਰਕਰਾਂ ਦੀ ਗ੍ਰਿਫਤਾਰੀ ਵਰਗੇ ਮੁੱਦਿਆਂ ਤੇ ਆਵਾਜ਼ ਨਹੀਂ ਉਠਾਉਂਦੇ। ਇਸ ਲਈ ਉਨ੍ਹਾਂ ਖਿਲਾਫ਼ ਕਾਰਵਾਈ ਹੋਣੀ ਲਾਜ਼ਮੀ ਹੈ।

ਰਾਘਵ ਚੱਢਾ ਨੇ ਆਪਣੇ ਵੀਡੀਓ ਸੰਦੇਸ਼ ਵਿੱਚ ਸਵਾਲ ਉਠਾਇਆ ਕਿ ਉਨ੍ਹਾਂ ਨੂੰ ਸੰਸਦ ਵਿੱਚ ਬੋਲਣ ਤੋਂ ਰੋਕਣ ਲਈ ਆਪ ਨੇ ਰਾਜ ਸਭਾ ਸਕੱਤਰੇਤ ਨੂੰ ਕਿਉਂ ਆਦੇਸ਼ ਦਿੱਤਾ। ਉਨ੍ਹਾਂ ਕਿਹਾ, "ਮੈਂ ਹਮੇਸ਼ਾ ਉਹ ਮੁੱਦੇ ਚੁੱਕੇ ਹਨ ਜੋ ਆਮ ਆਦਮੀ ਨਾਲ ਜੁੜੇ ਹੋਏ ਹਨ ਅਤੇ ਸੰਸਦ ਵਿੱਚ ਨਹੀਂ ਚੁੱਕੇ ਜਾ ਰਹੇ ਸਨ। ਕੀ ਇਹ ਮੁੱਦੇ ਚੁੱਕਣਾ ਪਾਪ ਹੈ? ਆਮ ਆਦਮੀ ਪਾਰਟੀ ਅਜਿਹਾ ਕਿਉਂ ਕਰੇਗੀ?" ਚੱਢਾ ਨੇ ਹਵਾਈ ਅੱਡਿਆਂ ਤੇ ਮਹਿੰਗੇ ਖਾਣੇ, ਗਿੱਗ ਵਰਕਰਾਂ ਅਤੇ ਮਿਲਾਵਟੀ ਖਾਣੇ ਵਰਗੇ ਮੁੱਦਿਆਂ ਦਾ ਜ਼ਿਕਰ ਵੀ ਕੀਤਾ।ਰਾਘਵ ਚੱਢਾ ਨੇ ਆਪਣੇ ਵੀਡੀਓ ਸੰਦੇਸ਼ ਵਿੱਚ ਸਵਾਲ ਉਠਾਇਆ ਕਿ ਉਨ੍ਹਾਂ ਨੂੰ ਸੰਸਦ ਵਿੱਚ ਬੋਲਣ ਤੋਂ ਰੋਕਣ ਲਈ ਆਪ ਨੇ ਰਾਜ ਸਭਾ ਸਕੱਤਰੇਤ ਨੂੰ ਕਿਉਂ ਆਦੇਸ਼ ਦਿੱਤਾ। ਉਨ੍ਹਾਂ ਕਿਹਾ, "ਮੈਂ ਹਮੇਸ਼ਾ ਉਹ ਮੁੱਦੇ ਚੁੱਕੇ ਹਨ ਜੋ ਆਮ ਆਦਮੀ ਨਾਲ ਜੁੜੇ ਹੋਏ ਹਨ ਅਤੇ ਸੰਸਦ ਵਿੱਚ ਨਹੀਂ ਚੁੱਕੇ ਜਾ ਰਹੇ ਸਨ। ਕੀ ਇਹ ਮੁੱਦੇ ਚੁੱਕਣਾ ਪਾਪ ਹੈ? ਆਮ ਆਦਮੀ ਪਾਰਟੀ ਅਜਿਹਾ ਕਿਉਂ ਕਰੇਗੀ?" ਚੱਢਾ ਨੇ ਹਵਾਈ ਅੱਡਿਆਂ ਤੇ ਮਹਿੰਗੇ ਖਾਣੇ, ਗਿੱਗ ਵਰਕਰਾਂ ਅਤੇ ਮਿਲਾਵਟੀ ਖਾਣੇ ਵਰਗੇ ਮੁੱਦਿਆਂ ਦਾ ਜ਼ਿਕਰ ਵੀ ਕੀਤਾ।

ਪਿਛਲੇ ਦੋ ਸਾਲਾਂ ਤੱਕ ਰਾਘਵ ਚੱਢਾ ਪੰਜਾਬ ਵਿੱਚ ਆਪ ਸਰਕਾਰ ਬਣਨ ਤੋਂ ਬਾਅਦ ਪਾਰਟੀ ਦੀਆਂ ਬਹੁਤੀਆਂ ਫੈਸਲੇ ਲੈਣ ਵਾਲੀਆਂ ਗੱਲਾਂ ਵਿੱਚ ਸ਼ਾਮਲ ਰਹੇ ਸਨ ਅਤੇ ਉਨ੍ਹਾਂ ਨੂੰ ਪਾਰਟੀ ਵਿੱਚ ਮਹੱਤਵਪੂਰਨ ਸਥਾਨ ਹਾਸਲ ਸੀ। ਉਨ੍ਹਾਂ ਨੂੰ ਹਟਾਉਣ ਤੋਂ ਬਾਅਦ ਆਪ ਵਿੱਚ ਅੰਦਰੂਨੀ ਤਣਾਅ ਵਧਿਆ ਹੈ। ਭਗਵੰਤ ਮਾਨ ਨੇ ਇਸ ਤੋਂ ਪਹਿਲਾਂ ਵੀ ਕਿਹਾ ਸੀ ਕਿ ਸਾਰੀਆਂ ਪਾਰਟੀਆਂ ਸਮੇਂ-ਸਮੇਂ ਤੇ ਆਪਣੇ ਸੰਸਦੀ ਨੇਤਾ ਬਦਲਦੀਆਂ ਰਹਿੰਦੀਆਂ ਹਨ। ਉਨ੍ਹਾਂ ਉਦਾਹਰਣ ਵਜੋਂ 2014-19 ਵਿਚਕਾਰ ਡਾ. ਧਰਮਵੀਰ ਗਾਂਧੀ ਅਤੇ ਖੁਦ ਆਪਣਾ ਨਾਮ ਲਿਆ।



### ਰਾਘਵ ਚੱਢਾ ਨੇ ਆਪਣੀ ਚੁੱਪ ਨੂੰ ਹਾਰ ਨਾ ਸਮਝਣ ਦੀ ਚਿਤਾਵਨੀ ਦਿੱਤੀ

ਆਮ ਆਦਮੀ ਪਾਰਟੀ (ਆਪ) ਦੇ ਰਾਜ ਸਭਾ ਮੈਂਬਰ ਰਾਘਵ ਚੱਢਾ ਨੇ ਆਪਣੀ ਚੁੱਪ ਨੂੰ ਰਾਜਨੀਤਿਕ ਹਾਰ ਵਜੋਂ ਨਾ ਲੈਣ ਦੀ ਗੱਲ ਕੀਤੀ ਹੈ। ਉਨ੍ਹਾਂ ਇੱਕ ਵੀਡੀਓ ਸੰਦੇਸ਼ ਰਾਹੀਂ ਆਪ ਲੀਡਰਸ਼ਿਪ ਨੂੰ ਸਾਫ਼ ਚੇਤਾਵਨੀ ਦਿੱਤੀ ਕਿ ਉਨ੍ਹਾਂ ਦੀ ਚੁੱਪ ਨੂੰ ਕੋਈ ਹਾਰ ਨਾ ਸਮਝ ਲਵੇ। ਰਾਘਵ ਚੱਢਾ ਨੇ ਕਿਹਾ, "ਜਦੋਂ ਸਮਾਂ ਆਵੇਗਾ ਤਾਂ ਮੈਂ ਸਭ ਕੁਝ ਸਪੱਸ਼ਟ ਕਰ ਦਿਆਂਗਾ।" ਇਸ ਤੋਂ ਪਹਿਲਾਂ ਉਨ੍ਹਾਂ ਨੂੰ ਰਾਜ ਸਭਾ ਵਿੱਚ ਆਪ ਦੇ ਉਪ-ਨੇਤਾ ਵਜੋਂ ਹਟਾ ਦਿੱਤਾ ਗਿਆ ਸੀ ਅਤੇ ਉਸ ਥਾਂ ਅਸ਼ੋਕ ਕੁਮਾਰ ਮਿੱਤਲ ਨੂੰ ਨਿਯੁਕਤ ਕੀਤਾ ਗਿਆ ਹੈ।ਰਾਘਵ ਚੱਢਾ ਨੇ ਆਪਣੇ ਵੀਡੀਓ ਸੰਦੇਸ਼ ਵਿੱਚ ਸਵਾਲ ਉਠਾਇਆ ਕਿ ਉਨ੍ਹਾਂ ਨੂੰ ਸੰਸਦ ਵਿੱਚ ਬੋਲਣ ਤੋਂ ਰੋਕਣ ਲਈ ਰਾਜ ਸਭਾ ਸਕੱਤਰੇਤ ਨੂੰ ਕਿਉਂ ਆਦੇਸ਼ ਦਿੱਤਾ।

# ਗੁਰਦੁਆਰਾ ਅੰਬ ਸਾਹਿਬ ਲੈਂਡ ਸਕੈਮ



***ਗੁਰੂ ਘਰਾਂ ਦੀਆਂ ਜਾਇਦਾਦਾਂ ਨਾਲ ਖਿਲਵਾੜ ਕਰਨ ਵਾਲਿਆਂ ਖਿਲਾਫ ਵੱਡੀ ਗੱਲ ਸਾਹਮਣੇ ਆਈ***

ਪੰਜਾਬ ਵਿਚ ਗੁਰੂ ਘਰਾਂ ਦੀਆਂ ਜਾਇਦਾਦਾਂ ਨਾਲ ਖਿਲਵਾੜ ਕਰਨ ਵਾਲਿਆਂ ਖਿਲਾਫ ਵੱਡੀ ਗੱਲ ਸਾਹਮਣੇ ਆਈ ਹੈ। ਗੁਰਦੁਆਰਾ ਅੰਬ ਸਾਹਿਬ ਦੀ ਲੈਂਡ ਸਕੈਮ ਨੇ ਸਿੱਖ ਭਾਈਚਾਰੇ ਵਿਚ ਰੋਸ ਪੈਦਾ ਕਰ ਦਿੱਤਾ ਹੈ। ਇਸ ਘਟਨਾ ਵਿਚ ਉਨ੍ਹਾਂ ਲੋਕਾਂ ਉੱਤੇ ਗੰਭੀਰ ਇਲਜ਼ਾਮ ਲੱਗੇ ਹਨ ਜੋ ਗੁਰੂ ਦੀ ਜਾਇਦਾਦ ਨੂੰ ਲੁੱਟਣ ਦੀ ਕੋਸ਼ਿਸ਼ ਕਰ ਰਹੇ ਹਨ। ਗੁਰਦੁਆਰਾ ਅੰਬ ਸਾਹਿਬ ਸਿੱਖ ਇਤਿਹਾਸ ਨਾਲ ਜੁੜਿਆ ਇੱਕ ਮਹੱਤਵਪੂਰਨ ਧਾਰਮਿਕ ਅਸਥਾਨ ਹੈ। ਇਥੇ ਸੰਗਤਾਂ ਵੱਡੀ ਗਿਣਤੀ ਵਿਚ ਆਉਂਦੀਆਂ ਹਨ ਅਤੇ ਇਸ ਦੀ ਜਾਇਦਾਦ ਗੁਰੂ ਘਰ ਦੀ ਸੰਪੱਤੀ ਮੰਨੀ ਜਾਂਦੀ ਹੈ।

ਖਬਰ ਅਨੁਸਾਰ ਇਸ ਲੈਂਡ ਸਕੈਮ ਵਿਚ ਕੁਝ ਅਧਿਕਾਰੀ ਅਤੇ ਲੋਕਲ ਲੀਡਰਾਂ ਵੱਲੋਂ ਗੁਰਦੁਆਰਾ ਦੀ ਜ਼ਮੀਨ ਨੂੰ ਗੈਰ-ਕਾਨੂੰਨੀ ਤਰੀਕੇ ਨਾਲ ਵੇਚਣ ਜਾਂ ਟ੍ਰਾਂਸਫਰ ਕਰਨ ਦੀ ਕੋਸ਼ਿਸ਼ ਕੀਤੀ ਗਈ। ਇਸ ਵਿਚ ਕਰੋੜਾਂ ਰੁਪਏ ਦੀ ਜਾਇਦਾਦ ਸ਼ਾਮਲ ਹੈ। ਸੰਗਤਾਂ ਇਸ ਘਟਨਾ ਤੋਂ ਬਹੁਤ ਨਾਰਾਜ਼ ਹਨ ਅਤੇ ਮੰਗ ਕਰ ਰਹੀਆਂ ਹਨ ਕਿ ਦੋਸ਼ੀਆਂ ਖਿਲਾਫ ਸਖ਼ਤ ਕਾਰਵਾਈ ਹੋਵੇ। ਐੱਸ.ਜੀ.ਪੀ.ਸੀ. ਅਤੇ ਸਥਾਨਕ ਸਿੱਖ ਆਗੂਆਂ ਨੇ ਵੀ ਇਸ ਮਾਮਲੇ ਵਿਚ ਤੁਰੰਤ ਜਾਂਚ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਹੈ ਕਿ ਗੁਰੂ ਦੀ ਜਾਇਦਾਦ ਕਿਸੇ ਵੀ ਤਰ੍ਹਾਂ ਲੁੱਟੀ ਨਹੀਂ ਜਾਣੀ ਚਾਹੀਦੀ। ਇਸ ਤਰ੍ਹਾਂ ਦੇ ਸਕੈਮ ਗੁਰੂ ਘਰਾਂ ਦੀ ਇੱਜ਼ਤ ਨਾਲ ਖਿਲਵਾੜ ਹਨ।

# ਪੰਜਾਬੀ ਡਰਾਈਵਰਾਂ ਦੀਆਂ ਡਰਾਈਵਿੰਗ ਲਾਇਸੈਂਸਾਂ ਰੱਦ ਕਰਨ ਦਾ ਮਾਮਲਾ

## ਕਈ ਪੰਜਾਬੀ ਡਰਾਈਵਰਾਂ ਦੀਆਂ ਲਾਇਸੈਂਸਾਂ ਰੱਦ



ਇੰਡੀਆਨਾ, ਯੂਐੱਸਏ ਵਿੱਚ ਪੰਜਾਬੀ ਡਰਾਈਵਰਾਂ ਦੀਆਂ ਡਰਾਈਵਿੰਗ ਲਾਇਸੈਂਸਾਂ ਰੱਦ ਕਰਨ ਦਾ ਮਾਮਲਾ ਬਹੁਤ ਚਰਚਾ ਵਿੱਚ ਹੈ। ਇਸ ਖਬਰ ਅਨੁਸਾਰ ਇੰਡੀਆਨਾ ਸਟੇਟ ਦੀ ਬਿਊਰੋ ਆਫ਼ ਮੋਟਰ ਵਹੀਕਲਜ਼ (BMV) ਨੇ ਕਈ ਪੰਜਾਬੀ ਡਰਾਈਵਰਾਂ ਦੀਆਂ ਲਾਇਸੈਂਸਾਂ ਰੱਦ ਕਰ ਦਿੱਤੀਆਂ ਹਨ। ਇਸ ਦਾ ਮੁੱਖ ਕਾਰਨ ਇਹ ਦੱਸਿਆ ਜਾ ਰਿਹਾ ਹੈ ਕਿ ਇਨ੍ਹਾਂ ਲਾਇਸੈਂਸਾਂ ਵਿੱਚ ਗਲਤ ਜਾਣਕਾਰੀ ਜਾਂ ਫਰਜ਼ੀ ਦਸਤਾਵੇਜ਼ ਵਰਤੇ ਗਏ ਸਨ।

ਬਹੁਤ ਸਾਰੇ ਪੰਜਾਬੀ ਯੁਵਕ ਇੰਡੀਆਨਾ ਵਿੱਚ ਟਰੱਕ ਡਰਾਈਵਿੰਗ ਕਰਦੇ ਹਨ ਅਤੇ ਉਨ੍ਹਾਂ ਨੇ ਲਾਇਸੈਂਸ ਲੈਣ ਲਈ ਏਜੰਟਾਂ ਰਾਹੀਂ ਅਪਲਾਈ ਕੀਤਾ ਸੀ। ਇਨ੍ਹਾਂ ਏਜੰਟਾਂ ਨੇ ਟੈਸਟ ਬਿਨਾਂ ਪਾਸ ਕੀਤੇ ਜਾਂ ਗਲਤ ਤਰੀਕਿਆਂ ਨਾਲ ਲਾਇਸੈਂਸ ਬਣਵਾਏ ਸਨ। ਜਦੋਂ ਇਸ ਗੱਲ ਦਾ ਭੰਡਾ ਫੁੱਟਿਆ ਤਾਂ ਅਧਿਕਾਰੀਆਂ ਨੇ ਤੁਰੰਤ ਐਕਸ਼ਨ ਲੈਂਦਿਆਂ ਉਨ੍ਹਾਂ ਲਾਇਸੈਂਸਾਂ ਨੂੰ ਰੱਦ ਕਰ ਦਿੱਤਾ। ਇਸ ਕਾਰਵਾਈ ਨਾਲ ਸੈਂਕੜੇ ਪੰਜਾਬੀ ਪ੍ਰਭਾਵਿਤ ਹੋਏ ਹਨ। ਉਨ੍ਹਾਂ ਵਿੱਚੋਂ ਬਹੁਤਿਆਂ ਨੂੰ ਆਪਣੀ ਨੌਕਰੀ ਤੋਂ ਵੀ ਖਤਰਾ ਹੈ ਕਿਉਂਕਿ ਟਰੱਕ ਡਰਾਈਵਿੰਗ ਲਈ ਵੈਧ ਲਾਇਸੈਂਸ ਬਿਨਾਂ ਉਹ ਕੰਮ ਨਹੀਂ ਕਰ ਸਕਦੇ। ਕਈ ਲੋਕਾਂ ਨੇ ਇਸ ਬਾਰੇ ਆਪਣੀ ਨਾਰਾਜ਼ਗੀ ਜ਼ਾਹਰ ਕੀਤੀ ਹੈ ਅਤੇ ਕਿਹਾ ਹੈ ਕਿ ਉਨ੍ਹਾਂ ਨੂੰ ਏਜੰਟਾਂ ਨੇ ਗੁੰਮਰਾਹ ਕੀਤਾ ਸੀ। ਉਨ੍ਹਾਂ ਨੂੰ ਲੱਗਦਾ ਸੀ ਕਿ ਸਭ ਕੁਝ ਠੀਕ ਤਰੀਕੇ ਨਾਲ ਹੋ ਰਿਹਾ ਹੈ।

# ਜਸਪ੍ਰੀਤ ਕੌਰ ਬਾਜਵਾ ਨੂੰ ਕੈਨੇਡਾ ਵਿਚ ਫੈਡਰਲ ਅਧਿਕਾਰੀ ਵਜੋਂ ਨਿਯੁਕਤੀ



ਪੰਜਾਬ ਦੀ ਧੀ ਜਸਪ੍ਰੀਤ ਕੌਰ ਬਾਜਵਾ ਨੇ ਕੈਨੇਡਾ ਵਿਚ ਇੱਕ ਵੱਡੀ ਉਪਲਬਧੀ ਹਾਸਲ ਕੀਤੀ ਹੈ। ਉਸ ਨੂੰ ਕੈਨੇਡਾ ਦੀ ਫੈਡਰਲ ਸਰਕਾਰ ਵਿਚ ਅਧਿਕਾਰੀ ਵਜੋਂ ਨਿਯੁਕਤ ਕੀਤਾ ਗਿਆ ਹੈ। ਇਸ ਖਬਰ ਨਾਲ ਉਸ ਦੇ ਪਿੰਡ ਵਿਚ ਖੁਸ਼ੀ ਦਾ ਮਾਹੌਲ ਹੈ ਅਤੇ ਪਰਿਵਾਰ ਵਾਲੇ ਇਸ ਨੂੰ ਵੱਡਾ ਮਾਣ ਸਮਝ ਰਹੇ ਹਨ। ਉਸ ਦੇ ਪਿਤਾ ਗਿਆਨ ਸਿੰਘ ਨੇ ਦੱਸਿਆ ਕਿ ਉਸ ਦੀ ਧੀ ਕੈਨੇਡਾ ਵਿਚ ਭਾਰਤੀ ਮੂਲ ਦੀ ਪਹਿਲੀ ਫੈਡਰਲ ਅਧਿਕਾਰੀ ਬਣੀ ਹੈ, ਜੋ ਸਾਡੇ ਲਈ ਬਹੁਤ ਗਰਵ ਦੀ ਗੱਲ ਹੈ।ਜਸਪ੍ਰੀਤ ਕੌਰ ਬਾਜਵਾ ਪੰਜਾਬ ਤੋਂ ਤਾਲਲਕ ਰੱਖਦੀ ਹੈ ਅਤੇ ਉਸ ਨੇ ਆਪਣੀ ਮਿਹਨਤ ਅਤੇ ਲਗਨ ਨਾਲ ਇਸ ਉੱਚ ਪਦਵੀ ਤੱਕ ਪਹੁੰਚ ਕੀਤੀ ਹੈ। ਕੈਨੇਡਾ ਵਿਚ ਪੰਜਾਬੀ ਡਾਇਸਪੋਰਾ ਵਿਚ ਇਸ ਤਰ੍ਹਾਂ ਦੀਆਂ ਸਫਲਤਾਵਾਂ ਨੌਜਵਾਨਾਂ ਲਈ ਪ੍ਰੇਰਣਾ ਸਰੋਤ ਬਣਦੀਆਂ ਹਨ। ਉਸ ਨੇ ਆਪਣੀ ਪੜ੍ਹਾਈ ਅਤੇ ਪ੍ਰੋਫੈਸ਼ਨਲ ਕਰੀਅਰ ਵਿਚ ਬਹੁਤ ਚੰਗਾ ਪ੍ਰਦਰਸ਼ਨ ਕੀਤਾ ਹੈ, ਜਿਸ ਕਾਰਨ ਉਸ ਨੂੰ ਇਸ ਅਹੁਦੇ ਲਈ ਚੁਣਿਆ ਗਿਆ। ਫੈਡਰਲ ਅਧਿਕਾਰੀ ਵਜੋਂ ਉਸ ਦੀਆਂ ਜ਼ਿੰਮੇਵਾਰੀਆਂ ਵਿਚ ਸਰਕਾਰੀ ਨੀਤੀਆਂ ਨੂੰ ਲਾਗੂ ਕਰਨਾ, ਪ੍ਰਸ਼ਾਸਨਿਕ ਕੰਮ ਅਤੇ ਲੋਕਾਂ ਨਾਲ ਜੁੜੀਆਂ ਸੇਵਾਵਾਂ ਸ਼ਾਮਲ ਹੋਣਗੀਆਂ।

**Cee7 News** **ਚੰਡੀਗੜ੍ਹ ਸਿਟੀਜ਼ਨ ਫਾਊਂਡੇਸ਼ਨ: ਖੇਤੀ ਮਾਹਰਾਂ ਵੱਲੋਂ ਸੁਧਾਰ ਲਈ ਅਹਿਮ ਸੁਝਾਅ**

# ਕਿਸਾਨਾਂ ਨੂੰ ਮੁਫ਼ਤ ਬਿਜਲੀ ਦੀ ਬਜਾਏ ਪ੍ਰਤੀ ਹੈਕਟੇਅਰ ਆਧਾਰ ਤੇ ਸਿੱਧੀ ਨਕਦੀ ਇਨਾਮੀ ਰਾਸ਼ੀ ਦਿੱਤੀ ਜਾਵੇ

**ਚੰਡੀਗੜ੍ਹ** ਚੰਡੀਗੜ੍ਹ ਵਿਚ ਚੰਡੀਗੜ੍ਹ ਸਿਟੀਜ਼ਨ ਫਾਊਂਡੇਸ਼ਨ ਵੱਲੋਂ ਆਯੋਜਿਤ ਇੱਕ ਵਿਚਾਰ-ਚਰਚਾ ਵਿਚ ਖੇਤੀਬਾੜੀ ਮਾਹਰਾਂ ਅਤੇ ਨੀਤੀ ਨਿਰਮਾਤਾਵਾਂ ਨੇ ਪੰਜਾਬ ਵਿਚ ਭੂਗਰਭੀ ਜਲ ਦੀ ਰੱਖਿਆ ਲਈ ਇੱਕ ਅਹਿਮ ਸੁਝਾਅ ਦਿੱਤਾ ਹੈ। ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਮੁਫ਼ਤ ਬਿਜਲੀ ਦੀ ਬਜਾਏ ਪ੍ਰਤੀ ਹੈਕਟੇਅਰ ਆਧਾਰ ਤੇ ਸਿੱਧੀ ਨਕਦੀ ਇਨਾਮੀ ਰਾਸ਼ੀ ਦਿੱਤੀ ਜਾਵੇ। ਇਸ ਨਾਲ ਭੂਗਰਭੀ ਪਾਣੀ ਦੀ ਬੇਵਜ੍ਹ ਵਰਤੋਂ ਰੋਕੀ ਜਾ ਸਕਦੀ ਹੈ ਅਤੇ ਖੇਤੀ ਨੂੰ ਟਿਕਾਊ ਬਣਾਇਆ ਜਾ ਸਕਦਾ ਹੈ।ਵਿਚਾਰ-ਚਰਚਾ ਦਾ ਵਿਸ਼ਾ ਸੀ 'ਪੰਜਾਬ ਅਤੇ ਹਰਿਆਣਾ ਵਿਚ ਵਿਭਿੰਨਤਾ ਨੂੰ ਉਤਸ਼ਾਹਿਤ ਕਰਕੇ ਆਮਦਨ ਵਧਾਉਣਾ ਅਤੇ ਟਿਕਾਊ ਖੇਤੀ'। ਇਸ ਵਿਚ ਐਨਆਈਟੀ ਆਯੋਗ ਦੇ ਮੈਂਬਰ ਡਾ. ਰਮੇਸ਼ ਚੰਦ ਨੇ ਕਿਹਾ ਕਿ ਪਿਛਲੇ ਸਮੇਂ ਵਿਚ ਫ਼ਸਲ ਵਿਭਿੰਨਤਾ ਲਈ ਲਏ ਗਏ ਕਦਮ ਨਤੀਜੇ ਲਿਆਉਣ ਵਿਚ ਅਸਫਲ ਰਹੇ ਹਨ। ਇਸ ਲਈ ਕਿਸਾਨਾਂ ਨੂੰ ਹੌਰਟੀਕਲਚਰ ਵੱਲ ਵਧਣਾ ਚਾਹੀਦਾ ਹੈ ਤਾਂ ਜੋ ਉਨ੍ਹਾਂ ਨੂੰ ਵਧੀਆ ਲਾਭ ਹੋ ਸਕੇ। ਉਨ੍ਹਾਂ ਚੌਲ ਅਤੇ ਮੱਕੀ ਵਰਗੀਆਂ ਪਾਣੀ ਖਪਤ ਵਾਲੀਆਂ ਫ਼ਸਲਾਂ ਨੂੰ ਫ਼ਸਲ ਚੱਕਰ ਤੋਂ ਬਾਹਰ ਕੱਢਣ ਦੀ ਗੱਲ ਕੀਤੀ। ਉਨ੍ਹਾਂ ਕਿਹਾ ਕਿ ਚੌਲ ਦੀ ਖੇਤੀ ਛੱਡਣ ਲਈ ਯਤਨ ਸ਼ੁਰੂ ਕੀਤੇ ਜਾਣ ਚਾਹੀਦੇ ਹਨ ਕਿਉਂਕਿ ਜੌਂ, ਕਪਾਹ



## ਮੁਫ਼ਤ ਬਿਜਲੀ ਫ਼ਸਲ ਵਿਭਿੰਨਤਾ ਵਿਰੋਧੀ ਹੈ।

ਉਨ੍ਹਾਂ ਕਿਹਾ ਕਿ ਚੌਲ ਦੀ ਖੇਤੀ ਛੱਡਣ ਲਈ ਯਤਨ ਸ਼ੁਰੂ ਕੀਤੇ ਜਾਣ ਚਾਹੀਦੇ ਹਨ ਕਿਉਂਕਿ ਜੌਂ, ਕਪਾਹ ਅਤੇ ਮੱਕੀ ਵਰਗੀਆਂ ਫ਼ਸਲਾਂ ਵੀ ਬਹੁਤ ਸਮਰੱਥਾ ਰੱਖਦੀਆਂ ਹਨ।

ਡਾ. ਰਮੇਸ਼ ਚੰਦ ਨੇ ਦੱਸਿਆ ਕਿ ਜੇਕਰ ਇੱਕ ਦਹਾਕੇ ਵਿਚ ਚੌਲ ਹੇਠਲੇ ਖੇਤਰ ਦਾ 10 ਫੀਸਦੀ ਹਿੱਸਾ ਹੋਰ ਫ਼ਸਲਾਂ ਵੱਲ ਬਦਲਿਆ ਗਿਆ ਤਾਂ ਖੇਤੀ ਖੇਤਰ ਵਿਚ 3.4 ਫੀਸਦੀ ਸਾਲਾਨਾ ਵਾਧਾ ਹੋ ਸਕਦਾ ਹੈ। ਉਨ੍ਹਾਂ ਫਲ ਅਤੇ ਸਬਜ਼ੀਆਂ ਲਈ ਵਿਸ਼ੇਸ਼ ਖੇਤਰ ਬਣਾਉਣ ਅਤੇ ਹਰਿਆਣਾ ਵਾਂਗ 'ਮੁੱਲ ਸਥਿਰਤਾ ਫੰਡ' ਬਣਾਉਣ ਦੀ ਸਿਫਾਰਸ਼ ਵੀ ਕੀਤੀ। ਡਾ. ਅਸ਼ੋਕ ਗੁਲਾਟੀ ਅਤੇ ਡਾ. ਸੁਖਪਾਲ ਸਿੰਘ ਨੇ ਵੀ ਇਸ ਗੱਲ ਤੇ ਜ਼ੋਰ ਦਿੱਤਾ ਕਿ ਪੰਜਾਬ-ਹਰਿਆਣਾ ਨੂੰ ਇੱਕਲੀ ਮੱਕੀ-ਚੌਲ ਵਾਲੀ ਫ਼ਸਲ ਛੱਡਣੀ ਚਾਹੀਦੀ ਹੈ।

ਮਾਹਰਾਂ ਨੇ ਕਿਹਾ ਕਿ ਉੱਚ ਮੁੱਲ ਵਾਲੀਆਂ ਫ਼ਸਲਾਂ ਵੱਲ ਵਿਭਿੰਨਤਾ ਲਈ ਠੇਕਾ ਖੇਤੀ ਸਭ ਤੋਂ ਵਧੀਆ ਰਾਹ ਹੈ। ਉਨ੍ਹਾਂ ਇਹ ਵੀ ਕਿਹਾ ਕਿ ਮੁਫ਼ਤ ਬਿਜਲੀ ਫ਼ਸਲ ਵਿਭਿੰਨਤਾ ਵਿਰੋਧੀ ਹੈ। ਇਸ ਨਾਲ ਕਿਸਾਨ ਪਾਣੀ ਬੇਵਜ੍ਹ ਵਰਤਦੇ ਹਨ ਅਤੇ ਟਿਕਾਊ ਖੇਤੀ ਵੱਲ ਨਹੀਂ ਵਧਦੇ।

ਮਾਹਰਾਂ ਨੇ ਕਿਹਾ ਕਿ ਉੱਚ ਮੁੱਲ ਵਾਲੀਆਂ ਫ਼ਸਲਾਂ ਵੱਲ ਵਿਭਿੰਨਤਾ ਲਈ ਠੇਕਾ ਖੇਤੀ ਸਭ ਤੋਂ ਵਧੀਆ ਰਾਹ ਹੈ। ਉਨ੍ਹਾਂ ਇਹ ਵੀ ਕਿਹਾ ਕਿ ਮੁਫ਼ਤ ਬਿਜਲੀ ਫ਼ਸਲ ਵਿਭਿੰਨਤਾ ਵਿਰੋਧੀ ਹੈ। ਇਸ ਨਾਲ ਕਿਸਾਨ ਪਾਣੀ ਬੇਵਜ੍ਹ ਵਰਤਦੇ ਹਨ ਅਤੇ ਟਿਕਾਊ ਖੇਤੀ ਵੱਲ ਨਹੀਂ ਵਧਦੇ। ਡਾ. ਗੁਲਾਟੀ ਨੇ ਕਿਹਾ ਕਿ ਰਾਜ ਸਰਕਾਰ ਵਿਚ ਰਾਜਨੀਤਕ ਇੱਛਾ ਸ਼ਕਤੀ ਦੀ ਘਾਟ ਕਾਰਨ ਮੁਫ਼ਤ ਬਿਜਲੀ ਨੂੰ ਰੋਕਣ ਲਈ ਇੱਕ ਵੀ ਕਦਮ ਨਹੀਂ ਉਠਾਇਆ ਜਾ ਰਿਹਾ। ਉਨ੍ਹਾਂ ਚੌਲ ਹੇਠਲਾ ਖੇਤਰ ਘਟਾਉਣ ਲਈ ਦਾਲਾਂ ਅਤੇ ਤੇਲ ਬੀਜਾਂ ਵੱਲ ਵਧਣ ਤੇ ਵਿਸ਼ੇਸ਼ ਧਿਆਨ ਦੇਣ ਦੀ ਲੋੜ ਦੱਸੀ।

ਇਸ ਤੋਂ ਇਲਾਵਾ ਮਾਹਰਾਂ ਨੇ ਫ਼ਸਲ ਬੀਮਾ ਨੀਤੀ ਲਾਗੂ ਕਰਨ ਦੀ ਅਪੀਲ ਵੀ ਕੀਤੀ ਕਿਉਂਕਿ ਆਬੋਹਵਾ ਤਬਦੀਲੀ ਅਤੇ ਆਫ਼ਤਾਂ ਕਾਰਨ ਫ਼ਸਲਾਂ ਨੂੰ ਭਾਰੀ ਨੁਕਸਾਨ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਠੇਕਾ ਖੇਤੀ ਅਤੇ ਉੱਚ ਮੁੱਲ ਵਾਲੀਆਂ ਫ਼ਸਲਾਂ ਲਈ ਤੁਰੰਤ ਈਕੋ-ਸਿਸਟਮ ਬਣਾਉਣਾ ਲਾਜ਼ਮੀ ਹੈ। ਇਸ ਨਾਲ ਕਿਸਾਨਾਂ ਦੀ ਆਮਦਨ ਵਧੇਗੀ ਅਤੇ ਖੇਤੀ ਖੇਤਰ ਵਿਚ ਦੂਜੀ ਹਰੀ ਇਨਕਲਾਬ ਲਿਆਂਦੀ ਜਾ ਸਕਦੀ ਹੈ। ਪੰਜਾਬ ਸਰਕਾਰ ਨੂੰ ਇਸ ਮਾਮਲੇ ਵਿਚ ਤੁਰੰਤ ਠੋਸ ਕਦਮ ਚੁੱਕਣੇ ਚਾਹੀਦੇ ਹਨ ਤਾਂ ਜੋ ਭਵਿੱਖ ਵਿਚ ਪਾਣੀ ਦੀ ਘਾਟ ਅਤੇ ਖੇਤੀ ਸੰਕਟ ਤੋਂ ਬਚਿਆ ਜਾ ਸਕੇ।

# "ਇਕ ਖੱਤ ਆਵਾਮ ਤੇ ਨਿਜ਼ਾਮ ਦੇ ਨਾਮ" ਭਾਗ -1- ਰਣਜੀਤ ਕੌਰ ਗੁੱਡੀ ਤਰਨ ਤਾਰਨ



ਮਿੱਟੀ ਪਲੀਤ ਹੋ ਗਈ ਹੈ ਹਿੰਦਸਤਾਨ ਦੀ
,ਬਹੁਤ ਦੁਖੀ ਹੈ ਆਵਾਮ ਭਾਰਤ ਮਹਾਨ ਦੀ"

ਆਏ ਦਿਨ ਕਿਤੇ ਨਾਂ ਕਿਤੇ ਚੁਨਾਵ ਆਏ ਹੀ ਰਹਿੰਦੇ ਹਨ,ਕਦੇ ਜਿਮਨੀ ਚੋਣ ਤੇ ਕਦੇ ਚਿਮਨੀ ਚੋਣ।

ਉਮੀਦਵਾਰ ਚੋਰ ਮੋਰੀਆਂ ਲੱਭਦੇ ਹਨ।ਆਪਣੀ ਕਾਬਲੀਅਤ ਦੇ ਸਿਰ ਤੇ ਨਹੀਂ ਠੱਗੀ ਠੋਰੀ ਝੂਠ ਫਰੇਬ,ਧੋਖਾ ,ਲਾਰੇ ਲੱਪੇ ,ਬਗਲ ਵਿੱਚ ਛੁਰੀ ਤੇ ਮੂੰਹ ਤੇ ਰਾਮ ਰਾਮ ਵਾਲੇ ਮਖੌਟੇ ਦਰਸਾ ਕੇ,ਬਾਹਰੋਂ ਹੋਰ ਤੇ ਅੰਦਰੋਂ ਹੋਰ ,ਚਿਹਰੇ ਤੇ ਇਕ ਹੋਰ ਚਿਹਰਾ ਲਾ ਕੇ, ਫੋਕੀ ਹਮਦਰਦੀ ਦਾ ਲਿਬਾਸ ਪਾ ਕੇ,ਘਰ ਘਰ ਗਲੀ ਗਲੀ ਹੱਥ ਜੋੜ ਜੋੜ ਮੁਸਕਰਾ ਕੇ ਫਰਿਸ਼ਤੇ ਬਣ ਬਣ ਘੁੰਮਦੇ ਹਨ।ਫਿਰ ਇਸੇ ਚੋਰ ਮੋਰੀ ਰਾਂਹੀ ਤਖ਼ਤ ਮਲ ਕੇ ਪੰਜ ਸਾਲ ਲਈ ਅਸਮਾਨ ਦੇ ਫਰਿਸ਼ਤੇ ਬਣ ਸੈਂਕੜੇ ਪਹਿਰਿਆਂ ਵਿੱਚ ਜਾ ਲੁਕਦੇ ਹਨ।ਆਵਾਮ ਵਿਚਾਰੀ ਹੱਥ ਮਲਦੀ ਰਹਿ ਜਾਂਦੀ ਹੈ।

ਤਖ਼ਤ ਮਲਣ ਲਈ-ਕੋਝੀਆਂ ਚਾਲਾਂ,ਕੋਝੇ ਹੱਥ ਕੰਡੇ
,, ਛੰਨੇ ਖੋਹ ਕੇ ਠੂਠੇ ਵੰਡੇ-
ਠੂਠੇ ਵਿੱਚ-ਛਟਾਕੀ ਲੂਣ,ਦੋ ਆਲੂ,ਦੋ ਗੰਢੇ-
-ਕਲ ਦੇ ਯੋਧੇ ,ਅੱਜ ਨੇ ਅਮਲੀ ਜੁਆਰੀਏ ਭਿਖ ਮੰਗੇ॥
ਬੇਈਮਾਨ ਨੂੰ ਮੌਜਾਂ ਈ ਮੌਜਾਂ,ਈਮਾਨ ਖਾਵੇ ਡੰਡੇ- ॥
ਸ਼ਰਮ ਤਾਂ ਕਿਤੇ ਆਉਂਦੀ ਨਹੀਂ,ਨਿਲੱਜਿਓ ਲੱਜ ਤੁਹਾਨੂੰ ਨਹੀਂ ॥

ਨਿਜ਼ਾਮ- ਆਵਾਮ +ਨਿਯਮ= ਨਿਜ਼ਾਮ-ਅਸਲ ਵਿੱਚ ਤਾਂ ਹੈ ਇਹ ਪਰ ਮੁਲਕ ਵਿਚ ਇਸਦੇ ਬਰਅਕਸ ਹੈ,ਇਥੇ ਜੋ ਤਖ਼ਤ ਮਲ ਲਵੇ ਉਹ ਨਿਜ਼ਾਮ ਹੈ,ਉਸੇ ਦੇ ਨਿਯਮ ਹਨ ਤੇ ਉਹਦੇ ਹੁਕਮ ਹੇਠ ਆਵਾਮ ਗੁਲਾਮ ਹੈ।

ਚੋਣਾਂ ਦੇ ਦਿਨ ਨੇੜੇ ਨੇੜੇ ਹਨ-ਨਿਜ਼ਾਮ ਜੀ ਨੂੰ ਅਪੀਲ ਹੈ ਕਿ ਮੁਫ਼ਤ ਸਹੂਲਤਾਂ ਦੇ ਵਾਅਦੇ ਦੀਆਂ ਵਹਿੰਗੀਆਂ ਦੇ ਆਸਰੇ ਲੂਲੀ ਲੰਗੜੀ ਹਕੂਮਤ ਨਹੀਂ ਆਪਣੀ ਯੋਗਤਾ ਦੇ ਸਿਰ ਤੇ ਹਕੂਮਤ ਬਣਾਓ।ਵਿਨਾਸ਼ ਨਹੀਂ ਵਿਕਾਸ ਲਿਆਓ। ਸੂਬੇ ਨੂੰ ਸਮੇਂ ਦਾ ਹਾਣੀ ਬਣਾਓ।ਕਾਣੀ ਵੰਡ ਨੂੰ ਨੱਥ ਪਾਓ।

1.( ਆਵਾਮ ਜੀ ਆਪ ਨੇ ਵੇਖ ਵੀ ਲਿਆ ਤੇ ਅਜ਼ਮਾ ਵੀ ਲਿਆ,ਜੇ ਇਸ ਤਰਾਂ ਹੀ ਸੁੱਤੇ ਰਹੇ ਤਾਂ ਸੂਬੇ ਨੂੰ ਮੜ੍ਹੀਆਂ ਦੇ ਰਾਹ ਪੈਣੋਂ ਰੱਬ ਵੀ ਨਹੀਂ ਬਚਾ ਸਕੇਗਾ,ਇਸ ਲਈ ਤਕੜੇ ਹੋ ਕੇ ਇਹ ਮੁਫ਼ਤੋ ਮੁਫ਼ਤੀ ਦੇ ਬਦਲੇ ਵੋਟਾਂ ਨਾ ਪੈਣ ਦਿਓ ਜੀ

2.-ਪੰਜਾਬ ਰੋਡਵੇਜ਼ ਕਰਮਚਾਰੀ ਤੇ ਅਧਿਕਾਰੀ ਹੁਸ਼ਿਆਰ ਹੋ ਕੇ ਘਟੋ ਘੱਟ 10 ਰੁਪਏ ਟਿਕਟ ਦਾ ਨਿਯਮ ਬਣਾ ਦਿਓ ਕਿਸੇ ਨੂੰ ਵੀ ਮੁਫ਼ਤ ਬੱਸ ਵਿਚ ਸਫ਼ਰ ਕਰਨ ਦੀ ਇਜ਼ਾਜ਼ਤ ਨਾਂ ਦਿਓ।ਆਪਣਾ ਵਿਭਾਗ ਆਪਣਾ ਘਰ ਸਮਝ ਕੇ ਬਚਾਓ।

3.-ਬਿਜਲੀ ਵਿਭਾਗ ਦੇ ਅਧਿਕਾਰੀ ,ਹਰ ਘਰ ਵਿੱਚ ਮੀਟਰ ਲਾਓ ਤੇ 2 ਰੁਪਏ ਯੁਨਿਟ ਬਿਜਲੀ ਰੇਟ ਲਾਗੂ ਕਰ ਦਿਓ।ਸਾਰੇ ਸਰਕਾਰੀ ਦਫ਼ਤਰਾਂ ਤੇ ਸਰਕਾਰੀ ਰਿਹਾਇਸ਼ਾਂ ਤੋਂ ਬਿਜਲੀ ਬਿਲ ਲਓ।ਜਦ ਕਿਸੇ ਵੀ ਮਹਿਕਮੇ ਵਿੱਚ ਬਿਨਾਂ ਇਕ ਖਾਸ ਫੀਸ ਭਰੇ ਕੰਮ ਚਾਲੂ ਨਹੀਂ ਹੋ ਸਕਦਾ ਤਾਂ ਫਿਰ ਮਹਿਕਮੇ ਨੂੰ ਬਿਜਲੀ ਪਾਣੀ ਕਿਉਂ ਮੁਫ਼ਤ?

4.-ਮੰਤਰੀਆਂ ਸੰਤਰੀਆਂ ਸਕੱਤਰਾਂ ਅਧਿਕਾਰੀਆਂ ਨੂੰ ਖਾਨਦਾਨ ਸਮੇਤ ਮੁਫ਼ਤ ਬਿਜਲੀ ਪਾਣੀ ਤੇ ਪੇਟਰੋਲ ਦਿਤਾ ਜਾਂਦਾ ਹੈ ਲੱਖਾਂ ਵਿੱਚ ਤਨਖਾਹਾਂ ਹਨ ਫਿਰ ਮੁਫ਼ਤ ਸਹੂਲਤਾਂ ਦਾ ਝੂੰਗਾ ਕਿਉਂ?

5. ਮੰਤਰੀ ਤਾਂ ਘਰ ਵਿਚੋਂ ਇਕ ਹੁੰਦਾ ਹੈ,ਤੇ ਸਰਕਾਰੀ ਗੱਡੀ ਪੂਰਾ ਕੁਨਬਾ ਉਡਾਈ ਰਖਦਾ ਹੈ,ਇਹ ਲਿਹਾਜ਼ ਬੰਦ ਕਰੋ।

6.ਹਰ ਘਰ ਵਿਚੋਂ ਇਕ ਮੈਂਬਰ ਸੁਰੱਖਿਆ ਦਸਤੇ ਵਿੱਚ 20 ਹਜਾਰ ਤੇ ਭਰਤੀ ਕਰਕੇ ਮੰਤਰੀਆਂ ਤੇ ਸਕੱਤਰਾਂ ਦੇ ਆਲੇ ਦੁਆਲੇ ਵਾਲੀ ਸੁਰਿੱਖਆ ਦੀ ਵਾੜ ਬਣਾਈ ਜਾਵੇ ਤੇ ਪੁਲੀਸ ਵਿਭਾਗ ਜੋ ਕਿ ਹੈ ਹੀ ਪਬਲਿਕ ਵਾਸਤੇ ਉਸ ਨੂੰ ਪਬਲਿਕ ਵਾਸਤੇ ਹੀ ਕੰਮ ਕਰਨ ਦਿੱਤਾ ਜਾਵੇ।ਇਸ ਨਾਲ ਬੇਰੁਜਗਾਰੀ ਵੀ ਘਟੇਗੀ ਤੇ ਆਵਾਮ ਨੂੰ ਲੋੜ ਵੇਲੇ ਪੁਲੀਸ ਵੀ ਲੱਭ ਜਾਏਗੀ ਜੋ ਕਿ ਇਸ ਵਕਤ ਸਿਰਫ਼ ਤੇ ਸਿਰਫ਼ ਸਰਕਾਰੀ ਤੰਤਰ ਦੇ ਸਰਹਾਣੇ ਹੀ ਜਮ੍ਹਾ ਰਹਿੰਦੀ ਹੈ।

7.-ਮਹਿਲਾਵਾਂ ਨੂੰ ਨਕਦੀ ਕਾਹਦੇ ਲਈ ਉਹਨਾਂ ਨੂੰ ਰੱਬ ਨੇ ਦੋ ਹੱਥ ਕਮਾਉਣ ਲਈ ਦਿੱਤੇ ਹਨ ਕਰ ਕੇ ਖਾਣ,ਇਸੇ ਪੈਸੇ ਨਾਲ ਸਿਖਲਾਈ ਸੈਂਟਰ ਖੋਲ੍ਹ ਕੇ ਔਰਤਾਂ ਨੂੰ ਹੁਨਰ ਸਿਖਾਏ ਜਾਣ ਤਾਂ ਜੋ ਉਹ ਕਮਾ ਕੇ ਆਤਮ ਸਨਮਾਨ ਨਾਲ ਜਿਉਣ।

8.- ਸੁਣੋ ਨਿਜ਼ਾਮ ਜੀ-ਸਰਕਾਰੀ ਦਫ਼ਤਰਾਂ ਵਿੱਚ ਸਫ਼ਾਈ ਸੇਵਕ ਨਹੀਂ ਹਨ ਇਥੋਂ ਤਕ ਕੇ ਹਸਪਤਾਲਾਂ ਵਿੱਚ ਵੀ ਨਹੀਂ ਹਨ ਹਜਾਰਾਂ ਦੀ ਗਿਣਤੀ ਵਿੱਚ ਸਫਾਈ ਸੇਵਕ ਲੋੜੀਂਦੇ ਹਨ ਸੋ ਵਿਹਲੇ ਰਹਿਣ ਦਾ ਇਨਾਮ ਨਹੀਂ ਸਫਾਈ ਸੇਵਕਾਵਾਂ ਭਰਤੀ ਕਰ ਕੇ ਬਣਦੀ ਉਜਰਤ ਦਿਓ।

9.-ਧਿਆਨ ਯੋਗ-ਸ਼ਹਿਰ ਵਿਚ 2 ਹਜਾਰ ਸਫਾਈ ਸੇਵਕ ਚਾਹੀਦਾ ਹੈ ਤੇ ਕੇਵਲ 200 ਕੰਮ ਕਰ ਰਹੇ ਹਨ।

10.-ਹੁਣ ਆਓ ਜੀ ਮੁਫ਼ਤ ਰਾਸ਼ਨ ਮੇਰੀ ਰਸੋਈ ਦੀ" ਗਲ ਕਰ ਲਈਏ-ਪੰਜਾਬ ਵਿੱਚ ਕੁਲ ਮਿਲਾ ਕੇ ਗੁਰਦਵਾਰੇ ਤੇ ਡੇਰੇ ਦੋ ਕੁ ਲੱਖ ਹਨ ਜਿਥੇ ਮੁਫ਼ਤ ਪਰੋਸੀਆਂ ਥਾਲੀਆਂ ਹਰ ਆਮ ਤੇ ਖਾਸ ਨੂੰ ਉਪਲਬਧ ਹਨ,ਆਏ ਦਿਨ ਲੰਗਰ ਪ੍ਰਸ਼ਾਦਾ ਦਿਨ ਹੁੰਦਾ ਹੈ ਹਰ ਤਬਕਾ ਆਪਣੇ ਦੀਨ ਧਰਮ ਅਨੁਸਾਰ ਲੰਗਰ ਵਰਤਾਉਂਦਾ ਰਹਿੰਦਾ ਹੈ,ਤਰਨ ਤਾਰਨ ਤੋਂ ਅਮ੍ਰਿਤਸਰ ਦੇ ਰਾਹ ਤੇ ਸੜਕ ਕੰਢੇ ਬਾਬਾ ਨੌਧ ਸਿੰਘ ਦੀ ਸਮਾਧ ਤੇ ਚੌਵੀ ਘੰਟੇ ਚਾਹ ,ਦਾਲ ਸਬਜੀ ਪ੍ਰਸ਼ਾਦੇ ਦਾ ਲੰਗਰ ਅਤੁਟ ਵਰਤਦਾ ਹੈ ਆਸ ਪਾਸ ਦੇ ਵਸਨੀਕ ਤੇ ਲੰਘਦੇ ਰਾਹੀ ਮੁਸਾਫਰ ਇਥੋਂ ਤਕ ਕੇ ਕਰਮਚਾਰੀ ਸੁਬਹ ਉਥੇ ਖੜ ਕੇ ਨਾਸ਼ਤਾ ਵੀ ਕਰ ਕੇ ਆਨੰਦ ਲੈਂਦੇ ਹਨ। ਹਰਮੰਦਿਰ ਸਾਹਬ ਤੋਂ ਹਰ ਰੋਜ਼ ਇਕ ਲੱਖ ਦੇ ਕਰੀਬ ਲੋਕ ਮੁਫ਼ਤ ਪੇਟ ਪੂਜਾ ਕਰਦੇ ਹਨ ਇਸੇ ਤ੍ਰਾਂ ਬਾਕੀ ਗੁਰਦਵਾਰਿਆਂ ਵਿੱਚ ਵੀ।ਫਿਰ ਪੰਜਾਬ ਵਿੱਚ ਮੁਫ਼ਤ ਰਾਸ਼ਨ ਵੰਡਣਾ ਤਾਂ ਜਨਤਾ ਨੂੰ ਗੁਲਾਮ ਬਨਾਉਣਾ ਸਿੱਧ ਹੁੰਦਾ ਹੈ।ਹਾਂ ਸਰਕਾਰੀ ਡੀਪੂ ਲਾ ਕੇ ਸਸਤੇ ਭਾਅ ਰਾਸ਼ਨ ਮੁਹੱਈਆ ਕਰਾਉਣਾ ਸਹੀ ਰਹੇਗਾ।ਪਰ ਰਸੋਈ ਗੈਸ ਤੇ ਸਸਤੀ ਹੋਣ ਵਾਲੀ ਨਹੀਂ ਉਹਦੇ ਲਈ ਹੱਥ ਹਿਲਾਉਣੇ ਪੈਣਗੇ।

ਹਰਿਆਣਾ ਰੋਡਵੇਜ਼ ਵਿੱਚ ਬਹੁਤ ਮਹਿਲਾਵਾਂ ਡਰਾਈਵਰ ਕੰਡਕਟਰ ਹਨ ।ਟਰੇਟਕਰ ਚਲਾ ਖੇਤੀ ਬਾੜੀ ਕਰਦੀਆਂ ਹਨ,ਡੇਅਰੀਫਾਰਮ ਚਲਾਉਂਦੀਆਂ ਹਨ।

ਕਲਕੱਤਾ ਵਿੱਚ ਬਹੁਤ ਸਾਰੀਆਂ ਔਰਤਾਂ ਟੈਕਸੀ ,ਰਿਕਸ਼ਾ ਚਲਾਉਣ ਦਾ ਕੰਮ ਕਰ ਆਤਮ ਨਿਰਭਰ ਹਨ।ਪੱਛਮੀ ਬੰਗਾਲ ਤੇ ਕੇਰਲਾ ਵਿੱਚ ਕੋਈ ਮੁਫ਼ਤ ਸਹੂਲਤ ਨਹੀਂ ਆਬਾਦੀ ਵੀ ਬਹੁਤ ਜਿਆਦਾ ਹੈ।

ਪੰਜਾਬ ਚ ਵੀ ਔਰਤਾਂ ਸਾਰੇ ਕੰਮ ਕਰਦੀਆਂ ਸੀ ਹੁਣ ਵੀ ਕਰ ਸਕਦੀਆ ਹਨ ,ਘਰਾਂ ਵਿਚ ਵੀ,ਖੇਤਾਂ ਵਿਚ ਵੀ ਤੇ ਦਫ਼ਤਰਾਂ ਇਦਾਰਿਆਂ ਵਿੱਚ ਬਹੁਤ ਸਾਰੇ ਕਾਮੇ ਲੋੜੀਂਦੇ ਹਨ। ਕਿਰਤ ਕਰਕੇ ਹਕ ਹਲਾਲ ਦੀ ਕਰ ਕੇ ਖਾਣ ਦਿਓ ।

ਆਵਾਮ ਜੀ ਅਗਰ ਤੱਗੜੇ ਹੋ ਕੇ ਇਹ ਮੌਜੂਦਾ ਚਾਲਾਂ ਨੂੰ ਤੋੜ ਸਕੋ ਤਾਂ ਤੋੜ ਲਓ ਨਹੀਂ ਤੇ ਤਖ਼ਤਾਂ ਤੇ ਬੈਠਿਆਂ ਨੂੰ ਇੰਜ ਹੀ ਬੈਠੇ ਰਹਿਣ ਦਿਓ ,ਸੂਬੇ ਤੇ ਅਗਲੀਆਂ ਚੋਣਾਂ ਦੇ ਖਰਚ ਦਾ ਬੋਝ ਨਾਂ ਪੈਣ ਦਿਓ।

ਪਹਿਲਾਂ ਵੀ ਤੇ ਬਹੁਤ ਸਾਰੀਆਂ ਮੁਫ਼ਤ ਸਹੂਲਤਾਂ ਦਿਤੀਆਂ ਮੰਤਰੀਆਂ ਨੇ ਆਪਣੇ ਸੌ ਸਾਲ ਦਾ ਇੰਤਜ਼ਾਮ ਤੇ ਕਰ ਲਿਆ,ਪਰ ਹਰ ਵਿਭਾਗ ਖੁੱਡੇ ਲਾਇਨ ਲਾ ਦਿੱਤਾ। ਬੱਸ ਸਫ਼ਰ ਮੁਫ਼ਤ,-ਸਰਕਾਰੀ ਬਸਾਂ ਦਾ ਨਾ ਪੁਛੋ ਹਾਲ,ਠੰਨ ਠੰਨ ਗੋਪਾਲ ।ਬਿਜਲੀ ਮੁਫ਼ਤ,ਬਿਜਲੀ ਬਿਨਾਂ ਬੁਰੇ ਹਾਲ,ਰਾਸ਼ਨ ਮੁਫ਼ਤ -ਕਿਸਾਨ ਤੇ ਕਿਰਤੀ ਤੇ ਮੱਧਵਰਗ ਦੀ ਟੰਗੀ ਜਾਨ।

ਨਿਜ਼ਾਮ ਜੀ ਮੰਗਤੇ ਤਾਂ ਪਹਿਲਾਂ ਹੀ ਬਹੁਤ ਹਨ ਹੋਰ ਨਾਂ ਵਧਾਈ ਜਾਓ। ਮੰਦਰ ਮਸਜਿਦ ਗੁਰਦਵਾਰਿਆਂ ਦੇ ਬਾਹਰ ਹਜਾਰਾਂ ਦੀ ਗਿਣਤੀ ਵਿੱਚ ਮੰਗਤਿਆਂ ਦੀ ਭੀੜ ਹੈ ਤੇ ਉਹ ਸਾਰੇ ਰੱਜੇ ਪੁੱਜੇ ਹਨ।ਕਿਸੇ ਵੀ ਚਰਚ ਦੇ ਸਾਹਮਣੇ ਕਦੇ ਕੋਈ ਮੰਗਤਾ ਨਹੀਂ ਹੁੰਦਾ ਕਿਉਂ ਜੋ ਈਸਾਈ ,ਅੰਗਰੇਜ਼ ਲੋਕ ਆਪਣੀ ਆਵਾਮ ਨੂੰ ਭਿਖਾਰੀ ਨਹੀਂ ਮਿਹਨਤੀ,ਕਿਰਤੀ ਵੇਖਣਾ ਚਾਹੁੰਦੇ ਹਨ।ਕਿਰਤ ਕਰਕੇ ਖਾਣ ਦੀ ਹਦਾਇਤ ਕਰਦੇ ਹਨ।ਉਹਨਾਂ ਦਾ ਮੰਨਣਾ ਹੈ ਕਿ ਖਾਣ ਲਈ ਇਕ ਮੂੰਹ ਤੇ ਭਰਨ ਲਈ ਇਕ ਪੇਟ,ਰੱਬ ਨੇ ਦੋ ਹੱਥ ਤੇ ਦਸ ਉਂਗਲੀਆਂ ਦਿਤੀਆਂ ਹਨ ਜੋ ਕਿ ਕਮਾਉਣ ,ਖਾਣ ਲਈ ਕਾਫ਼ੀ ਹਨ।

ਭਾਗ -2-

ਤੇ ਸਾਡੇ ਗੁਰੂ ਪੀਰਾਂ,ਸੰਤਾਂ ਦਾ ਵੀ ਇਹੋ ਉਪਦੇਸ਼ ਹੈ "ਕਰ ਕੇ ਖਾਓ"॥ ਸਾਰੇ ਗੁਰੂ ਪੀਰ ਸੰਤ ਦੇਵਤੇ ਸਾਡੀ ਧਰਤੀ ਤੇ ਹੋਏ ਹਨ ਤੇ ਉਹਨਾਂ ਦੀਆਂ ਸਿਖਿਆਵਾਂ ਦੇ ਗ੍ਰੰਥ ਵੀ ਸਾਡੇ ਕੋਲ ਹਨ ਪਰ ਉਸ ਤੇ ਅਮਲ ਵਲਾਇਤੀ ਧਰਤੀ ਦੇ ਬਾਸ਼ਿੰਦੇ ਕਰਦੇ ਹਨ।ਕਿੰਨੇ ਡਿੱਗ ਚੁਕੇ ਹਨ ਸਾਡੇ ਈਮਾਨ।ਮੰਗਤਿਆਂ ਦੀ ਭੀੜ ਵੇਖ ਕੇ ਗੁਰੂਆਂ ਦੇਵਤਿਆਂ ਦੀਆਂ ਆਤਮਾ ਹਨ ਲਹੂ ਲੁਹਾਨ॥ ਵਲਾਇਤ ਵਿੱਚ ਕਾਰਟੂਨ ਬਣ ਕੇ ,ਗਾ ਕੇ,ਸਟੰਟ ਕਰ ਕੇ ,ਜਾਨ ਜੋਖ਼ਮ ਵਿੱਚ ਪਾ ਕੇ ਪੇਟ ਭਰਨ ਦਾ ਯਤਨ ਕਰ ਲੈਂਦੇ ਹਨ ਲੋਕ ਪਰ ਹੱਥ ਅੱਡ ਕੇ ਮੰਗਦੇ ਨਹੀਂ ਹਨ।

ਸਾਡੇ ਨਿਜ਼ਾਮ ਨੇ ਹੱਥ ਤਾਂ ਕੀ ਝੋਲੀ ਅੱਡ ਭਿਖਾਰੀ ਬਣਾ ਛਡਿਆ ਹੈ ਆਵਾਮ ਨੂੰ।ਨਿਜ਼ਾਮ ਤੇ ਆਵਾਮ ਨੇ ਸ਼ਰਮ ਬੋਤਲ ਵਿੱਚ ਘੋਲ ਕੇ ਪੀ ਲਈ ਹੈ।ਆਮ ਆਦਮੀ ਪਾਰਟੀ ਦੇ ਕੰਮ ਬੋਲਣੇ ਚਾਹੀਦੇ ਸੀ ਨਾਂ ਕਿ ਲੌਲੀ ਪੋਪ ਟਾਫੀਆਂ ਦੇ ਵਾਅਦੇ ।ਇਹ ਜੋ ਨਕਦੀ ਮਹਿਲਾਵਾਂ ਨੂੰ ਦੇਣ ਦਾ ਐਲਾਨ ਕੀਤਾ ਗਿਆ ਹੈ,ਇਸੇ ਪੈਸੇ ਨਾਲ ਮਹਿਲਾਵਾਂ ਲਈ ਸਿਖਲਾਈ ਕੇਂਦਰ ਖੋਲੇ ਜਾਣੇ ਚਾਹੀਦੇ ਹਨ ਉਹ ਹੁਨਰਮੰਦ ਬਣ ਕੇ ਆਪਣੇ ਪੈਰਾਂ ਤੇ ਖੜੀਆਂ ਹੋਣ ।ਹਜਾਰ ਪੱਚੀ ਸੌ ਨਾਲ ਉਮਰ ਨਹੀਂ ਲੰਘਦੀ,ਨਕਦੀ ਤਾਂ ਘਰ ਦੇ ਮਰਦ ਖੋਹ ਕੇ ਲੈ ਜਾਂਦੇ ਹਨ ਤੇ ਸ਼ਰਾਬ,ਚਿੱਟਾ ਪੀ ਆਉਂਦੇ ਹਨ।

ਸੂਝਵਾਨ ਬੁੱਧਜੀਵੀ ਨੂੰ ਸਮਝ ਆ ਗਈ ਹੈ ਕਿ ਮਹਿਲਾਵਾਂ ਨੂੰ ਨਕਦੀ ਦਿੱਤੀ ਹੀ ਇਸ ਲਈ ਗਈ ਹੈ ਕਿ ਮਰਦ ਖੋਹ ਕੇ ਸ਼ਰਾਬ ਚਿੱਟਾ ਖ੍ਰੀਦ ਲੈਣ ਤੇ ਹਕੂਮਤ ਦੀ ਨਕਦੀ ਹਕੂਮਤ ਦੇ ਖਾਤੇ ਵਾਪਸ ਆ ਜਾਵੇ ਬੱਲੇ-ਹਕੂਮਤ ਦੇ ਪੱਲੇ ਤੋਂ ਨਾ ਲਗੇ ਧੇਲਾ ਤੇ ਬੱਲੇ ਬੱਲੇ ਦਾ ਲਗ ਜਾਵੇ ਮੇਲਾ॥


ਬਹੁਤੇ ਘਰਾਂ ਵਿੱਚ ਬੁੱਢੇ ਮਾਂਬਾਪ ਰਹਿੰਦੇ ਹਨ,ਕਿਤੇ ਕਿਤੇ ਇਕੱਲਾ ਜਣਾ ਵੀ ਹੈ।ਉਹਨਾਂ ਨੂੰ ( ਹੈਲਪਿੰਗ ਹੈਂਡ) ਸਹਾਇਕ ਸੇਵਾਦਾਰ ਦੀ ਚੌਵੀ ਘੰਟੇ ਲੋੜ ਹੈ ਪਰ ਨਹੀਂ ਮਿਲਦਾ ਕੋਈ ਸਹਾਇਕ ਕੋਈ ਨੌਕਰ ਉਹ ਪੈਸੇ ਹੱਥ ਵਿੱਚ ਫੜੀ ਪੁਕਾਰ ਰਹੇ ਹਨ ਤਨਖਾਹ ਲਓ ਸਾਡੀ ਮਦਦ ਕਰੋ,ਕਿਸਾਨ ਨੂੰ ਖੇਤਾਂ ਵਿੱਚ ਕੰਮ ਕਰਨ ਲਈ ਕੋਈ ਨਹੀਂ ਮਿਲਦਾ,ਕਪਾਹ ਚੁਣਨ ਲਈ ਚੋਣੀਆਂ ਨਹੀਂ ਮਿਲਦੀਆਂ।ਸਭਜੀਆਂ ਤੋੜਨ ਲਈ ਸਹਾਇਕ ਨਹੀਂ ਮਿਲਦੇ।ਮਿਲਣ ਵੀ ਕਿਥੋਂ ਜਦ ਘਰੇ ਬੈਠੇ ਨਕਦੀ ਵੀ ਮਿਲ ਰਹੀ ਹੈ ਤੇ ਮੇਰੀ ਰਸੋਈ ਵੀ ਚਲ ਸੋ ਚਲ ਹੈ। ਸਵਾਣੀਆਂ ਜੋ ਵੀਹ ਵੀਹ ਘੰਟੇ ਕੰਮ ਕਰਦੀਆਂ ਸੀ ਹੁਣ ਪਲੰਘਾਂ ਤੇ ਬੈਠੀਆਂ ਫੋਨ ਤੇ ਯੁਟਿਊਬ ਤੇ ਲਚਰਤਾ ਵੇਖਣ ਵਿੱਚ ਮਸਤ ਹਨ। ਹਕੂਮਤ ਨੇ ਜੋ ਖੁਲ੍ਹੇ ਲੰਗਰ ਵਰਤਾ ਦਿੱਤੇ ਹਨ।ਨਿਜ਼ਾਮ ਜੀ ਸਿਆਣੇ ਕਹਿੰਦੇ ਨੇ ਵਿਹਲਾ ਮਨ ਸ਼ੈਤਾਨ ਦੀ ਟਕਸਾਲ ਹੁੰਦਾ ਹੈ ,ਤੇ ਸ਼ੈਤਾਨ ਦਿਨ ਬਦਿਨ ਵੱਧ ਰਹੇ ਹਨ,ਅਤੇ ਵੱਡਿਆਂ ਨੇ ਇਹ ਵੀ ਉਪਦੇਸ਼ ਤੇ ਸੰਦੇਸ਼ ਦਿੱਤਾ ਸੀ ਕਿ "ਘਰ ਬੈਠਿਆਂ ਤੇ ਖੂਹ ਖਾਲੀ ਹੋ ਜਾਂਦੇ ਹਨ" ਤੇ ਨਿਜ਼ਾਮ ਜੀ ਇੰਜ ਮੁਫ਼ਤ ਵੰਡ ਵੰਡ ਕੇ ਆਪਣਾ ਝੂੰਗਾ ਚੌੜ ਕਰਾ ਕੇ ਕਿੰਨਾ ਚਿਰ ਘਰ ਚਲਾ ਸਕੋਗੇ?ਅੱਗਾ ਦੌੜ ਪਿੱਛਾ ਚੌੜ॥ਪੰਜਾਬ ਰਾਜ ਢਹਿ ਰਿਹਾ ਹੈ ।

ਅਵਾਮ ਜੀ ਧਿਆਨ ਦਿਓ ਵੋਟਾਂ ਤਾਂ ਬਿਹਾਰ ਯੁਪੀ ਤੋ ਆਏ ਕਾਮਿਆਂ ਨੇ ਭੁਗਤਾ ਦੇਣੀਆਂ ਹਨ ਇਸ ਲਈ ਜੇ ਹਿੰਮਤ ਕਰ ਕੇ ਇਹ ਮੁਫ਼ਤ ਸਹੂਲਤਾਂ ਦਾ ਪ੍ਰਸ਼ਾਦ ਬੰਦ ਕਰਾ ਲਿਆ ਜਾਵੇ ਤਾਂ ਸ਼ਰਾਬ ,ਨਸ਼ਿਆਂ ਨੂੰ ਵੀ ਠੱਲ੍ਹ ਪੈ ਜਾਏਗੀ। ਸ਼ਰੀਕਾਂ ਦੇ ਮਿਹਣਿਆਂ ਵਾਲੀ ਸਿਆਸਤ ਨੂੰ ਬਾਏ ਬਾਏ ਕਹੋ।

10 ਲੱਖ ਦਾ ਮੈਡੀਕਲ ਬੀਮਾ ਤਾਂ ਹੈ ਪਰ ਡਾਕਟਰ ਨਜ਼ਰ ਨਹੀਂ ਆਉਂਦੇ।ਉਸ ਨਾਲੋਂ ਚੰਗਾ ਹੈ 'ਗੁਰੂ ਦਾ ਲੰਗਰ,ਅਤੇ 'ਤੇਰਾ ਤੇਰਾ ' ਹਸਪਤਾਲ ਚੰਡੀਗੜ੍ਹ ਵਰਗੇ ਹੋਰ ਹਸਪਤਾਲ ਪੂਰੇ ਪੰਜਾਬ ਵਿੱਚ ਖੋਹਲ ਦਿਓ।ਇਸ ਤੋਂ ਵਧੀਆ ਮੁਫ਼ਤ ਸਹੂਲਤ ਹੋਰ ਕੋਈ ਹੋ ਹੀ ਨਹੀ ਸਕਦੀ।

ਰਣਜੀਤ ਕੌਰ ਗੁੱਡੀ ਤਰਨ ਤਾਰਨ

# ਸਿਆਣੇ ਕਹਿੰਦੇ ਹਨ ਇੱਕ ਛਾਲ ਮਾਰਕੇ ਖੂਹ ਵਿੱਚ ਡਿੱਗ ਤਾਂ ਪਈਦਾ ਪਰ ਨਿਕਲਿਆ ਸੌ ਛਾਲ ਮਾਰਕੇ ਵੀ ਨਹੀਂ ਜਾ ਸਕਦਾ



ਸਿਆਣੇ ਕਹਿੰਦੇ ਹਨ ਇੱਕ ਛਾਲ ਮਾਰਕੇ ਖੂਹ ਵਿੱਚ ਡਿੱਗ ਤਾਂ ਪਈਦਾ ਪਰ ਨਿਕਲਿਆ ਸੌ ਛਾਲ ਮਾਰਕੇ ਵੀ ਨਹੀਂ ਜਾ ਸਕਦਾ। ਕਹਿਣ ਦਾ ਭਾਵ ਕਿ ਕਈ ਵਾਰੀਂ ਇਨਸਾਨ ਬੁਰਾਈਆਂ ਦੀ ਅਜਿਹੀ ਦਲਦਲ ਵਿੱਚ ਫਸ ਜਾਂਦਾ ਹੈ ਜਿੱਥੇ ਵੜਨਾ ਤਾਂ ਬੜਾ ਅਸਾਨ ਲੱਗਦਾ ਹੈ ਪਰ ਉਸ ਦਲਦਲ ਵਿੱਚੋਂ ਬਾਹਰ ਪੈਰ ਪੁੱਟਣਾ ਬੜਾ ਮੁਸ਼ਕਿਲ ਹੁੰਦਾ ਹੈ ,ਬਸ ਧੱਸਦੇ ਹੀ ਜਾਓਗੇ, ਕਈ ਵਾਰ ਨੌਜਵਾਨ ਬੱਚਿਆਂ ਨੂੰ ਗਲਤ ਕੰਮਾਂ ਵਿੱਚ ਲਗਾਉਣ ਲਈ ਯਾਰ ਮਿੱਤਰ ਉਤਸ਼ਾਹਿਤ ਕਰਨਗੇ ਕੁੱਝ ਨਹੀਂ ਹੁੰਦਾ ,ਕੋਈ ਨਾ ਕੋਈ ਲਾਲਚ ਦੇਣਗੇ ,ਕਈ ਲਾਲਚ ਦੇ ਜਾਲ ਵਿੱਚ ਅਜਿਹੇ ਫੱਸਦੇ ਹਨ ਕਿ ਚਾਹਕੇ ਵੀ ਬੁਰਾਈ ਦੀ ਉਸ ਦਲਦਲ ਵਿੱਚੋਂ ਨਿਕਲ ਨਹੀਂ ਸਕਦੇ । ਸੋ ਸਾਨੂੰ ਸਭ ਨੂੰ ਤੇ ਸਾਡੀ ਨੌਜਵਾਨ ਪੀੜੀ ਨੂੰ ਹਰ ਕੰਮ ਸੋਚ ਸਮਝਕੇ ਅਤੇ ਵਿਚਾਰਕੇ ਕਰਨਾ ਚਾਹੀਦਾ ਹੈ ਕਿਉਂਕਿ , ਜ਼ਿੰਦਗੀ ਬਹੁਤ ਹੀ ਕੀਮਤੀ ਹੈ, ਜ਼ਿੰਦਗੀ ਇੱਕ ਵਾਰ ਹੀ ਮਿਲਦੀ ਹੈ ਅਤੇ ਜ਼ਿੰਦਗੀ ਬਣਾਉਣ ਦੇ ਸਮੇਂ ਜੇਕਰ ਓਹਨਾਂ ਦੇ ਕਦਮ ਇੱਕ ਵਾਰ ਲੜਖੜਾ ਗਏ ਤਾਂ ਦੁਬਾਰਾ ਸੰਭਲਣਾ ਬਹੁਤ ਮੁਸ਼ਕਿਲ ਹੋ ਜਾਂਦਾ ਹੈ।ਕੁੱਝ ਬੱਚੇ ਜਦੋਂ ਓਹਨਾਂ ਦਾ ਆਪਣੇ ਭਵਿੱਖ ਦੇ ਬਾਰੇ ਵਿੱਚ ਸੋਚਣ ਦਾ , ਪੜ੍ਹਾਈ ਕਰਨ ਦਾ ਆਪਣੇ ਅੰਦਰ ਕੋਈ ਹੁਨਰ ਵਿਕਸਤ ਕਰਨ ਦਾ ਸਮਾਂ ਹੁੰਦਾ ਉਦੋਂ ਓਹ ਆਪਣੇ ਯਾਰਾਂ ਬੇਲੀਆਂ ਦੇ ਮਗਰ ਲੱਗ ਕਿਸੇ ਅਜਿਹੀ ਮੁਸੀਬਤ ਵਿੱਚ ਫਸ ਜਾਂਦੇ ਹਨ ਅਤੇ ਉਹ ਮੁਸੀਬਤ ਓਹਨਾਂ ਦਾ ਛੇਤੀ ਨਾਲ ਪੱਲਾ ਨਹੀਂ ਛੱਡਦੀ,ਹਰ ਦੋਸਤ ਮਿੱਤਰ ਮਾੜਾ ਨਹੀਂ ਹੁੰਦਾ ,ਪਰ ਸੋਚ ਸਮਝਕੇ ਦੋਸਤੀ ਕਰਨੀ ਜਰੂਰੀ ਹੈ ਕਿ ਕੌਣ ਸਾਡੇ ਭਲੇ ਦੀ ਗੱਲ ਕਰ ਰਿਹਾ ਅਤੇ ਕੌਣ ਸਾਡੇ ਨਾਲ ਚਾਲ ਚੱਲਕੇ ਸਾਡੀ ਜ਼ਿੰਦਗੀ ਨੂੰ ਬਰਬਾਦੀ ਵੱਲ ਲੈਕੇ ਜਾ ਰਿਹਾ , ਮਾਂ ਪਿਓ ਤੋਂ ਵੱਡਾ ਤੁਹਾਡਾ ਕੋਈ ਦੋਸਤ ਨਹੀਂ ਹੋ ਸਕਦਾ ਬੱਚਿਆਂ ਨੂੰ ਹਰ ਗੱਲ ਆਪਣੇ ਮਾਂ ਪਿਓ ਨਾਲ ਸਾਂਝੀ ਕਰਨੀ ਚਾਹੀਦੀ ਹੈ ਕੋਈ ਗਲਤੀ ਵੀ ਹੋ ਗਈ ਹੋਵੇ ਉਸਨੂੰ ਵੀ ਛਪਾਉਣ ਨਾਲੋਂ ਚੰਗਾ ਮਾਂ ਪਿਓ ਨਾਲ ਸਾਂਝੀ ਕਰੋ,ਸਮਝਦਾਰ ਮਾਂ ਪਿਓ ਬੱਚੇ ਨੂੰ ਝਿੜਕੇ ਬਿਨਾਂ ਉਸ ਗਲਤੀ ਦਾ ਹੱਲ ਵੀ ਸੌਖੇ ਤਰੀਕੇ ਨਾਲ ਲੱਭ ਕੇ ਬੱਚੇ ਨੂੰ ਕਿਸੇ ਵੱਡੀ ਤੋਂ ਵੱਡੀ ਮੁਸੀਬਤ ਵਿੱਚੋਂ ਵੀ ਬਾਹਰ ਕੱਢ ਲੈਂਦੇ ਹਨ ਪਰ ਜਦੋਂ ਨੌਜਵਾਨ ਬੱਚੇ ਆਪਣੇ ਮਾਂ ਪਿਓ ਦੀ ਬਜਾਇ ਬਾਹਰ ਆਪਣੇ ਯਾਰਾਂ ਬੇਲੀਆਂ ਨਾਲ ਕੋਈ ਮੁਸ਼ਕਿਲ ਸਾਂਝੀ ਕਰਦੇ ਹਨ ਤਾਂ ਉਹ ਯਾਰ ਬੇਲੀ ਵੀ ਤੇ ਹਮ ਉੱਮਰ ਹੁੰਦੇ ਹਨ, ਸੋਚ ਇੱਕੋ ਜਿਹੀ ਹੋਣ ਕਰਕੇ ਨਿੱਕੀ ਜਿਹੀ ਮੁਸੀਬਤ ਨੂੰ ਵੱਡਾ ਬਣਾ ਲੈਂਦੇ ਹਨ । ਸੋ ਹਰ ਨੌਜਵਾਨ ਬੱਚੇ ਨੂੰ ਆਪਣੀ ਜ਼ਿੰਦਗੀ ਵਿੱਚ ਹਰ ਕਦਮ ਫੂਕ ਫੂਕ ਕੇ ਅਤੇ ਵੱਡਿਆਂ ਦੀ ਸਲਾਹ ਨਾਲ ਪੁੱਟਣਾ ਚਾਹੀਦਾ ਹੈ ਆਪਹੁਦਰੇ ਨਹੀਂ ਬਣਨਾ ਚਾਹੀਦਾ। ਆਪਹੁਦਰਾਪਣ ਕਦੇ ਕਦੇ ਤੁਹਾਨੂੰ ਬਹੁਤ ਵੱਡੀ ਮੁਸੀਬਤ ਵਿੱਚ ਪਾ ਸਕਦਾ ਹੈ।✍️ਹਰਵਿੰਦਰ ਕੌਰ ਕਾਹਲੋਂ

**ਅਦਾਰਾ ਸੀ 7 ਨਿਊਜ਼ ਵਿੱਚ ਲੇਖਕਾਂ ਦੁਆਰਾ ਲਗਵਾਈਆਂ ਜਾਂਦੀਆਂ ਕਵਿਤਾਵਾਂ, ਕਹਾਣੀਆਂ, ਲੇਖ ਆਦਿ ਲੇਖਕਾਂ ਦੇ ਨਿੱਜੀ ਵਿਚਾਰ ਹਨ ਇਸਦੇ ਨਾਲ ਅਦਾਰਾ ਸੀ 7 ਨਿਊਜ਼ ਦੇ ਐਡੀਟਰ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ**



## ਇੱਕ ਰਾਤ, ਇੱਕ ਬਹੁਤ ਠੰਢੀ ਰਾਤ ਨੂੰ, ਇੱਕ ਪਹਾੜ ਦੇ ਨੇੜੇ ਇੱਕ ਛੋਟੇ ਜਿਹੇ ਮੰਦਰ ਵਿੱਚ ਇੱਕ ਆਦਮੀ ਨੇ ਜਾ ਕੇ ਦਸਤਕ ਦਿੱਤੀ।

### ਅੱਧੀ ਰਾਤ ਹੋਣ ਨੂੰ ਸੀ। ਅੰਦਰੋਂ ਪੁੱਛਿਆ ਗਿਆ, "ਰਾਤ ਦੇ ਇਸ ਸਮੇਂ ਕੌਣ ਹੈ? ਸਵੇਰੇ ਆਓ।"

ਇੱਕ ਰਾਤ, ਇੱਕ ਬਹੁਤ ਠੰਢੀ ਰਾਤ ਨੂੰ, ਇੱਕ ਪਹਾੜ ਦੇ ਨੇੜੇ ਇੱਕ ਛੋਟੇ ਜਿਹੇ ਮੰਦਰ ਵਿੱਚ ਇੱਕ ਆਦਮੀ ਨੇ ਜਾ ਕੇ ਦਸਤਕ ਦਿੱਤੀ। ਅੱਧੀ ਰਾਤ ਹੋਣ ਨੂੰ ਸੀ। ਅੰਦਰੋਂ ਪੁੱਛਿਆ ਗਿਆ, "ਰਾਤ ਦੇ ਇਸ ਸਮੇਂ ਕੌਣ ਹੈ? ਸਵੇਰੇ ਆਓ।"

ਉਸ ਆਦਮੀ ਨੇ ਕਿਹਾ, "ਮੈਂ ਬਹੁਤ ਵੱਡਾ ਪਾਪੀ ਹਾਂ, ਮੈਂ ਬਹੁਤ ਬੁਰਾ ਆਦਮੀ ਹਾਂ। ਮੈਂ ਬਹੁਤ ਵਾਰ ਸੋਚਿਆ ਕਿ ਦਿਨ ਵੇਲੇ ਤੁਹਾਡੇ ਕੋਲ ਆਵਾਂ ਪਰ ਉਦੋਂ ਬਹੁਤ ਸਾਰੇ ਲੋਕ ਹੁੰਦੇ ਹਨ, ਇਸ ਲਈ ਮੈਂ ਰਾਤ ਨੂੰ ਆਇਆ ਹਾਂ।"

ਉਹ ਮੰਦਰ ਇੱਕ ਸਾਧੂ ਦਾ ਸੀ। ਦਰਵਾਜ਼ਾ ਖੋਲ੍ਹਿਆ ਗਿਆ। ਉਹ ਸਾਧੂ ਸੌਣ ਦੀ ਤਿਆਰੀ ਕਰ ਰਿਹਾ ਸੀ। ਉਸਦੀ ਅੰਗੀਠੀ ਦੀ ਅੱਗ ਵੀ ਬੁਝ ਗਈ ਸੀ, ਸਿਰਫ਼ ਸੁਆਹ ਹੀ ਰਹਿ ਗਈ ਸੀ। ਉਸਨੇ ਉਸਨੂੰ ਪੁੱਛਿਆ ਕਿ ਤੂੰ ਇਹ ਕਿਵੇਂ ਕਿਹਾ ਕਿ ਤੂੰ ਪਾਪੀ ਹੈਂ? ਜ਼ਰੂਰ ਕਿਸੇ ਪੰਡਿਤ ਨੇ ਤੈਨੂੰ ਸਮਝਾਇਆ ਹੋਵੇਗਾ ਕਿ ਤੂੰ ਪਾਪੀ ਹੈਂ। ਕਿਉਂਕਿ ਪੰਡਿਤ ਦਾ ਇੱਕ ਹੀ ਕੰਮ ਹੈ ਕਿ ਉਹ ਲੋਕਾਂ ਨੂੰ ਸਮਝਾਵੇ ਕਿ ਉਹ ਪਾਪੀ ਹਨ। ਅਤੇ ਮੇਰੀ ਨਜ਼ਰ ਵਿੱਚ, ਕਿਸੇ ਨੂੰ ਇਹ ਸਮਝਾ ਦੇਣਾ ਕਿ ਤੂੰ ਪਾਪੀ ਹੈਂ, ਇਸ ਤੋਂ ਵੱਡਾ ਕੋਈ ਪਾਪ ਨਹੀਂ ਹੈ ਕਿਉਂਕਿ ਇੰਝ ਉਸਦੇ ਪਾਪੀ ਹੋਣ ਦੀ ਨੀਂਹ ਰੱਖ ਦਿੱਤੀ ਗਈ ਹੈ।

ਗਿਆਨੀ ਸਮਝਾਉਂਦਾ ਹੈ, "ਤੂੰ ਪਤਮਾਤਮਾ ਹੈਂ।" ਪੰਡਿਤ ਸਮਝਾਉਂਦਾ ਹੈ, "ਤੂੰ ਪਾਪੀ ਹੈਂ।" ਗਿਆਨੀ ਕਹਿੰਦਾ ਹੈ, "ਤੇਰੇ ਅੰਦਰ ਪਰਮਾਤਮਾ ਛੁਪਿਆ ਹੋਇਆ ਹੈ," ਅਤੇ ਪੰਡਿਤ ਕਹਿੰਦਾ ਹੈ, "ਤੇਰੇ ਅੰਦਰ ਪਾਪ ਹੀ ਪਾਪ ਹੈ।"

ਉਸ ਸਾਧੂ ਨੇ ਕਿਹਾ ਕਿ ਜ਼ਰੂਰ ਕਿਸੇ ਪੰਡਿਤ ਨਾਲ ਤੇਰਾ ਮਿਲਣਾ ਹੋ ਗਿਆ ਹੈ। ਜਿਸਨੇ ਤੈਨੂੰ ਕਹਿ ਦਿੱਤਾ ਕਿ ਤੂੰ ਪਾਪੀ ਹੈਂ? ਮੈਂ ਤਾਂ ਦੇਖ ਰਿਹਾ ਹਾਂ ਕਿ ਤੂੰ ਪਰਮਾਤਮਾ ਹੈਂ।

ਆਦਮੀ ਦੀਆਂ ਅੱਖਾਂ ਥੱਲੇ ਝੁਕੀਆਂ ਸਨ, ਉਸਨੇ ਉੱਪਰ ਚੁੱਕੀਆਂ। ਇਹ ਪਹਿਲੀ ਵਾਰ ਕੋਈ ਮਿਲਿਆ ਸੀ ਜਿਸਨੇ ਕਿਹਾ ਕਿ ਤੂੰ ਪਰਮਾਤਮਾ ਹੈਂ।

ਉਸਨੇ ਕਿਹਾ, "ਪਰ ਮੈਂ ਚੋਰੀ ਕਰਦਾ ਹਾਂ। ਮੈਂ ਦੂਜਿਆਂ ਦੀ ਜਾਇਦਾਦ 'ਤੇ ਬੁਰੀ ਨਜ਼ਰ ਰੱਖਦਾ ਹਾਂ। ਮੈਨੂੰ ਗੁੱਸਾ ਆਉਂਦਾ ਹੈ ਅਤੇ ਮੈਂ ਲੋਕਾਂ ਨੂੰ ਕਤਲ ਕਰਨ ਤੱਕ ਬਾਰੇ ਵੀ ਸੋਚ ਲੈਂਦਾ ਹਾਂ।"

ਉਸ ਸਾਧੂ ਨੇ ਉਸਨੂੰ ਕਿਹਾ, "ਬੈਠ ਜਾ।" ਉਹ ਆਦਮੀ, ਜੋ ਕਹਿ ਰਿਹਾ ਸੀ ਕਿ ਮੈਂ ਪਾਪੀ ਹਾਂ, ਉਸਨੂੰ ਕਿਹਾ, "ਬੈਠ ਜਾ।" ਉਹ ਆਦਮੀ ਬੋਲਿਆ, "ਪਰ ਮੈਨੂੰ ਤਾਂ ਕੋਈ ਪਰਮਾਤਮਾ ਨਹੀਂ ਦਿਸਦਾ; ਮੈਨੂੰ ਤਾਂ ਆਪਣੇ ਅੰਦਰ ਬਸ ਪਾਪ ਹੀ ਪਾਪ ਦਿਖਾਈ ਦਿੰਦਾ ਹੈ।"

ਠੰਢੀ ਰਾਤ ਸੀ, ਕੋਲ ਹੀ ਅੰਗੀਠੀ ਪਈ ਹੋਈ ਸੀ, ਜਿਸਦੀ ਅੱਗ ਬੁਝ ਚੁੱਕੀ ਸੀ। ਸਾਧੂ ਨੇ ਕਿਹਾ, "ਦੇਖੋ, ਰਾਤ ਬਹੁਤ ਠੰਢੀ ਹੈ, ਸ਼ਾਇਦ ਅੰਗੀਠੀ ਵਿੱਚ ਕੋਈ ਅੰਗਾਰਾ ਹੋਵੇ, ਜ਼ਰਾ ਉਸਨੂੰ ਫਰੋਲੋ।"

ਆਦਮੀ ਨੇ ਫਰੋਲ ਕੇ ਦੇਖਿਆ ਅਤੇ ਕਿਹਾ, "ਕੋਈ ਅੰਗਾਰਾ ਨਹੀਂ ਹੈ, ਬਸ ਸੁਆਹ ਹੀ ਸੁਆਹ ਹੈ।"

ਸਾਧੂ ਹੱਸਣ ਲੱਗਾ ਅਤੇ ਉਸਨੇ ਕਿਹਾ, "ਤੇਰੇ ਦੇਖਣ ਵਿੱਚ ਹੀ ਗਲਤੀ ਹੈ, ਜ਼ਰਾ ਧਿਆਨ ਨਾਲ ਦੇਖ, ਜ਼ਰਾ ਚੱਜ ਨਾਲ ਫਰੋਲ।"

ਉਸਨੇ ਫਿਰ ਸੁਆਹ ਨੂੰ ਫਰੋਲਿਆ, ਜ਼ਰਾ ਧਿਆਨ ਨਾਲ ਫਰੋਲਿਆ ਤਾਂ ਇੱਕ ਛੋਟਾ ਜਿਹਾ ਅੰਗਾਰਾ ਲੱਭ ਗਿਆ, ਉਸਨੇ ਉਸਤੋਂ ਸੁਆਹ ਝਾੜੀ ਅਤੇ ਉਸਨੂੰ ਫੂਕਿਆ ਤਾਂ ਅੱਗ ਬਲ਼ ਗਈ।

ਸਾਧੂ ਨੇ ਕਿਹਾ, "ਦੇਖ, ਇਹ ਅੰਗਾਰਾ ਹੈ ਅਤੇ ਇਸ ਵਿੱਚ ਓਨੀ ਹੀ ਅੱਗ ਹੈ ਜਿੰਨੀ ਸੂਰਜ ਵਿੱਚ ਅੱਗ ਹੈ। ਇੱਕ ਬੂੰਦ ਵਿੱਚ ਸਾਰਾ ਸਮੁੰਦਰ ਹੁੰਦਾ ਹੈ, ਅੱਗ ਦੀ ਇੱਕ ਚੰਗਿਆੜੀ ਵਿੱਚ ਸਾਰਾ ਸੂਰਜ ਹੁੰਦਾ ਹੈ। ਅਜਿਹੀ ਭੁੱਲ ਜਿਵੇਂ ਤੂੰ ਅੰਗੀਠੀ ਵਿੱਚ ਅੰਗਾਰਾ ਲੱਭਣ ਵਿੱਚ ਕੀਤੀ, ਆਪਣੇ ਬਾਰੇ ਵੀ ਕਰ ਰਿਹਾ ਹੈਂ। ਸੁਆਹ ਹੀ ਸੁਆਹ ਆਪਣੇ ਆਪ ਨੂੰ ਸਮਝ ਰਿਹਾ ਹੈਂ, ਪਾਪ ਹੀ ਪਾਪ ਆਪਣੇ ਅੰਦਰ ਦੇਖ ਰਿਹਾ ਹੈਂ। ਥੋੜ੍ਹੀ ਹੋਰ ਚੱਜ ਨਾਲ ਖੋਜ ਕਰ ਤਾਂ ਚੰਗਿਆੜੀ ਮਿਲ ਜਾਵੇਗੀ ਜੋ ਸੂਰਜ ਦੀ ਹੈ। ਅਤੇ ਇਸ ਅੰਗੀਠੀ ਦੀ ਅੱਗ ਤਾਂ ਬੁਝ ਵੀ ਸਕਦੀ ਹੈ, ਪਰ ਮਨੁੱਖ ਦੇ ਅੰਦਰ ਇੱਕ ਅਜਿਹੀ ਅੱਗ ਬਲ ਰਹੀ ਹੈ ਜਿਸਦਾ ਬੁਝਣਾ ਅਸੰਭਵ ਹੈ। ਕਿੰਨੇ ਹੀ ਪਾਪ ਉਸਨੂੰ ਬੁਝਾ ਨਹੀਂ ਸਕਦੇ, ਕਿੰਨਾ ਹੀ ਅਗਿਆਨ ਉਸਨੂੰ ਬੁਝਾ ਨਹੀਂ ਸਕਦਾ। ਕੋਈ ਵੀ ਤਰੀਕਾ ਉਸਨੂੰ ਬੁਝਾਉਣ ਦਾ ਨਹੀਂ ਹੈ, ਕਿਉਂਕਿ ਉਹ ਮਨੁੱਖ ਦੀ ਹੋਂਦ ਹੈ ਅਤੇ ਉਸਨੂੰ ਮਿਟਾਉਣ ਦਾ ਕੋਈ ਤਰੀਕਾ ਨਹੀਂ ਹੈ।"

ਮਨੁੱਖ ਕਿੱਡਾ ਹੀ ਪਾਪੀ ਕਿਉਂ ਨਾ ਹੋ ਜਾਵੇ, ਉਸਦੇ ਮੁੜ ਤੋਂ ਪਰਮਾਤਮਾ ਹੋ ਜਾਣ ਦੀ ਸੰਭਾਵਨਾ ਬਣੀ ਹੀ ਰਹਿੰਦੀ ਹੈ। ਲੋੜ ਹੈ ਤਾਂ ਬਸ ਅੰਤਰ-ਝਾਤ ਦੀ, ਅੰਗੀਠੀ ਨੂੰ ਚੱਜ ਨਾਲ ਫਰੋਲਣ ਦੀ, ਅੰਗਾਰੇ ਨੂੰ ਫਿਰ ਤੋਂ ਬਾਲਣ ਦੀ।

— ਓਸ਼ੋ 🍀 (ਅਨੁਵਾਦ: #ਮੀਤ_ਅਨਮੋਲ)

## ਕਿਸਾਨ ਮਜਦੂਰ ਸੰਘਰਸ਼ ਕਮੇਟੀ ਪੰਜਾਬ ਦੇ ਯੋਨ ਬਾਬਾ ਅਦਲੀ ਜੀ ਵੱਲੋਂ ਪਿੰਡਾਂ ਦੀਆਂ ਕਮੇਟੀਆਂ ਦੁਬਾਰਾ ਬਣਾਈਆਂ ਜਾ ਰਰੀਆਂ ਹਨ।



**ਚੋਹਲਾ ਸਾਹਿਬ 3 ਅਪ੍ਰੈਲ (ਸਨਦੀਪ ਸਿੱਧੂ,ਪਰਮਿੰਦਰ ਚੋਹਲਾ) |**

ਜਥੇਬੰਦਕ ਢਾਂਚੇ ਨੂੰ ਮਜਬੂਤ ਕਰਨ ਅਤੇ ਪਿੰਡਾਂ ਵਿੱਚ ਮੈਂਬਰਸ਼ਿਪ ਕੱਟ ਕੇ ਦੁਬਾਰਾ ਚੋਣ ਕਰਵਾਕੇ ਕਮੇਟੀਆਂ ਗੱਠਤ ਕੀਤੀਆਂ ਜਾ ਰਹੀਆਂ ਹਨ।ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਬਲਵਿੰਦਰ ਸਿੰਘ ਚੋਹਲਾ ਸਾਹਿਬ,ਮਨਜੀਤ ਸਿੰਘ,ਨਿੰਦਰ ਸਿੰਘ ਅਤੇ ਨਿਰਵੈਰ ਿਸੰਘ ਧੁੰਨ ਨੇ ਸਾਂਝੇ ਰੂਪ ਵਿੱਚ ਪੱਤਰਕਾਰਾਂ ਨਾਲ ਗਲਬਾਤ ਦੌਰਾਨ ਕੀਤਾ।ਉਹਨਾਂ ਦੱਸਿਆ ਕਿ ਅੱਜ ਪਿੰਡ ਮੁੰਡਾ ਪਿੰਡਾ ਵਿਖੇ ਨਵੀਂ ਇਕਾਈ ਦੀ ਚੋਣ ਕੀਤੀ ਗਈ ਹੈ ਜਿਸ ਵਿੱਚ ਅੰਗਰੇਜ਼ ਸਿੰਘ ਮੁੰਡਾ ਪਿੰਡ ਨੂੰ ਇਕਾਈ ਦਾ ਪ੍ਰਧਾਨ ਬਣਾਕੇ 21 ਮੈਂਬਰੀ ਕਮੇਟੀ ਗੱਠਿਤ ਕੀਤੀ ਗਈ।ਉਹਨਾਂ ਦੱਸਿਆ ਕਿ ਵੱਖ ਵੱਖ ਆਗੂਆਂ ਵੱਲੋਂ ਪੰਜਾਬ ਤੇ ਕੇਂਦਰ ਸਰਕਾਰ ਦੀਆਂ ਕਿਸਾਨ ਮਜਦੂਰ ਮਾਰੂ ਨੀਤੀਆਂ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਗੈਸ ਸੈਲੰਡਰਾਂ ਦੀਆਂ ਇਜਸੀਆਂ ਦੇ ਸਾਹਮਣੇ ਲੰਮੀਆਂ ਕਤਾਰਾਂ,ਪੈਟਰੋਲ ਪੰਪਾਂ ਤੇ ਡੀਜ਼ਲ ਪੈਟਰੋਲ ਦੀਆਂ ਲੰਮੀਆਂ ਕਤਾਰਾਂ ਲੱਗੀਆਂ ਹੋਈਆਂ ਹਨ ਕਿਸਾਨ ਮਜਦੂਰ ਸੰਘਰਸ਼ ਕਮੇਟੀ ਵੱਲੋਂ ਸਰਕਾਰ ਨੂੰ ਸਖਤ ਤਾੜਨਾ ਕੀਤੀ ਗਈ ਜੇਕਰ ਗੈਸ ਦੀ ਘਾਟ ਪੂਰੀ ਨਾ ਕੀਤੀ ਗਈ ਤਾਂ ਸਖਤੀ ਨਾਲ ਸੰਘਰਸ਼ ਵਿੱਢਿਆ ਜਾਵੇਗਾ। ਇਸ ਸਮੇਂ ਬਲਦੇਵ ਸਿੰਘ ,ਕਰਮ ਸਿੰਘ ਸ਼ਾਹ ,ਜ਼ੋਰਿੰਦਰ ਸਿੰਘ ਮੁੰਡਾ ਪਿੰਡ ਆਦਿ ਆਗੂ ਹਾਜਰ ਸਨ।

## ਕੋਈ ਚਿੰਤਾ ਨਈਂ ਸਾਨੂੰ ਤਾ ਪੂਰੀ ਆਸ ਆ, ਕਿ ਸਾਡਾ ਰਿਸ਼ਤਾ ਉਦ੍ਹੇ ਨਾ ਖਾਸ ਆ !



ਕੋਈ ਚਿੰਤਾ ਨਈਂ ਸਾਨੂੰ ਤਾ ਪੂਰੀ ਆਸ ਆ,
ਕਿ ਸਾਡਾ ਰਿਸ਼ਤਾ ਉਦ੍ਹੇ ਨਾ ਖਾਸ ਆ !
ਰਹਿ ਉਸਦੀ ਸ਼ਰਨ ਚ ਤਿੱਤਲੀ ਹੋਣਾ,
ਵਰਨਾ ਵਜੂਦ ਮੇਰਾ ਸਿਰਫ ਜਿੰਦਾ ਲਾਸ਼ ਆ !
ਕਈਆਂ ਨੂੰ ਅੱਖਰ ਇਹ ਮੋਤੀ ਜਾਪਣ,
ਕਈਆਂ ਲਈ ਮਹਿਜ ਬਕਵਾਸ ਆ!
ਹਰ ਇੱਕ ਨੂੰ ਦੇਵੀਂ ਸੋਜੀ ਮੌਲਾ,ਕਿ ਮੇਰੀ
ਹੱਥ ਬੰਨ ਨਿੱਤ ਅਰਦਾਸ ਆ !
ਉਹ ਨਈਂ ਸੁੱਖ ਦਾ ਕਦੇ ਸਾਹ ਲੈ ਪਾਉਂਦੇ
ਜਿੰਦਗੀ,ਜਿਨ੍ਹਾਂ ਨੇ ਸਮਝੀ ਬਨਵਾਸ ਆ !
ਹੋਰ ਵੀ ਹੁੰਦਾ ਉਹ ਸਗੋਂ ਦੂਰ ਸਾਡੇ ਤੋਂ,ਜਿਨ੍ਹੂੰ
ਮਨ ਚਹੁੰਦਾ ਰੱਖਣਾ ਆਪਣੇ ਪਾਸ ਆ !
ਇਹ ਜੋ ਸਭ ਦਾ ਧਿਆਨ ਰਹੇ ਖਿੱਚ ਦੀ
ਕਾਇਆ,ਪੰਡ ਹੱਢੀਆਂ ਨੂੰ ਲਿਪਟਿਆ ਮਾਸ
ਆ !
ਜਾਂ ਫੇਰ ਉਸਦੇ ਨਾਮ ਦੀ ਮਾਲਾ ਜੱਪਦਾ,
ਆਉਂਦਾ ਜਾਂਦਾ ਹਰ ਇੱਕ ਸਵਾਸ ਆ !
ਹਰ ਰਮਝ ਪਹਿਚਾਣ ਜਾਂਦਾ ਸਦਾ ਝੱਟ ਦੂਜੇ
ਦੀ,ਹੋਇਆ ਮਨ ਸਾਡਾ ਜੋ ਜਗਿਆਸ ਆ !
ਰਣਜੀਤ ਆਪਣੇ ਅੰਦਰ ਨ੍ਹੀ ਬਾਹਰ ਝਾਤ
ਮਾਰਦੀ,ਕਿ ਦੁਨੀਆਂ ਅੱਧਿਉਂ ਵੱਧ ਇਸੇ ਲਈ
ਉਦਾਸ ਆ !
ਕੋਈ ਚਿੰਤਾ ਨਈਂ ਸਾਨੂੰ ਤਾ ਪੂਰੀ ਆਸ ਆ,ਕਿ
ਸਾਡਾ ਰਿਸ਼ਤਾ ਜੋ ਉਦ੍ਹੇ ਨਾ ਖਾਸ ਆ !
ਆਉ ਜਿੰਦਗੀ ਸਰਲ ਤੇ ਖੂਬਸੂਰਤ ਬਣਾਈਏ ਖੁਦ ਨੂੰ ਉਸ ਅੱਗੇ
ਅਰਪਣ ਕਰਕੇ,ਮਾਪਿਆਂ ਨਾਲੋਂ ਵੱਧ ਉਸਤੇ ਵਿਸ਼ਵਾਸ਼ ਤੇ ਏਧਰ-ਉੱਧਰ ਝਾਕਣ ਨਾਲੋਂ ਕੇਵਲ ਆਪਣੇ ਕੰਮ ਨਾਲ ਕੰਮ ਰੱਖ ਕੇ !
ਲੇਖਕ : ਰਣਜੀਤ ਕੌਰ ਟ੍ਰਰਾਂਟੋ।

Cee7News ਵਿੱਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ
9463661542, cee7news@gmail.com

# ਮੰਡੀਆਂ ਚ ਬਿਨ੍ਹਾਂ ਕਿਸੇ ਅੜ੍ਹਿੱਕੇ ਦੇ ਕਣਕ ਦੀ ਸਰਕਾਰੀ ਖ੍ਰੀਦ ਲਈ ਉੱਚ ਪ੍ਰਸ਼ਾਸਨ ਨੂੰ ਸਰਕਾਰ ਨੇ ਕੀਤੇ ਨਿਰਦੇਸ਼ ਜਾਰੀ: ਧਾਲੀਵਾਲ




**ਗੁਰਪ੍ਰੀਤ ਸਿੰਘ ਕੱਦ ਗਿੱਲ ਤਰਨਤਾਰਨ,2 ਅਪ੍ਰੈਲ ।**

ਆਮ ਆਦਮੀ ਪਾਰਟੀ ਦੇ ਸੂਬਾਈ ਮੁੱਖ ਬੁਲਾਰੇ, ਵਿਧਾਇਕ ਤੇ ਸਾਬਕਾ ਕੈਬਨਿਟ ਮੰਤਰੀ ਪੰਜਾਬ ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਸ੍ਰ.ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਰਾਜ ਭਰ ਦੀਆਂ 1900 ਦੇ ਕਰੀਬ ਦਾਣਾ ਮੰਡੀਆਂ 'ਚ ਹਾੜ੍ਹੀ ਦੀ ਮੁੱਖ ਫਸਲ ਕਣਕ ਦੀ ਹੋਣ ਵਾਲੀ 132 ਲੱਖ ਮੀਟ੍ਰਿਕ ਟਨ ਆਮਦ ਦਾ ਇੱਕ ਇੱਕ ਦਾਣਾ ਸਰਕਾਰੀ ਐਮ ਐਸ ਪੀ ਰੇਟ 2585 ਪ੍ਰਤੀ ਕੁਇੰਟਲ ਖ੍ਰੀਦ ਕਰਨ ਲਈ ਵਚਨਬੱਧ ਹੈ ਅਤੇ ਇਸ ਵਚਨਬੱਧਤਾ ਨੂੰ ਅਮਲੀ ਜਾਮਾ ਪਹਿਨਾਉਣ ਲਈ ਬਕਾਇਦਾ ਰਾਜ ਭਰ ਦੇ ਡਿਪਟੀ ਕਮਿਸ਼ਨਰਾਂ, ਜ਼ਿਲ੍ਹਾ ਖੁਰਾਕ ਸਪਲਾਈ ਕੰਟਰੋਲਰਾਂ, ਸਰਕਾਰੀ ਖ੍ਰੀਦ ਏਜੰਸੀਆਂ, ਮੰਡੀ ਬੋਰਡ/ਮਾਰਕੀਟ ਕਮੇਟੀਆਂ ਦੇ ਅਧਿਕਾਰੀਆਂ ਨੂੰ ਬਿਨ੍ਹਾਂ ਕਿਸੇ ਅੜ੍ਹਿੱਕੇ ਦੇ ਕਣਕ ਦੀ ਸਹੀ ਤੇ ਸਮੇਂ ਸਿਰ ਖ੍ਰੀਦ ਯਕੀਨੀ ਬਣਾਉਣ ਲਈ ਬਾਰਦਾਨਾਂ , ਫਸਲ ਦੀ ਚੁਕਵਾਈ, ਪੈਸਿਆਂ ਦੀ 24 ਘੰਟੇ 'ਚ ਅਦਾਇਗੀ, ਮੰਡੀਆਂ ਚ ਬਿਜਲੀ, ਪੀਣ ਵਾਲੇ ਪਾਣੀ, ਤਰਪਾਲਾਂ, ਸਾਫ ਸਫਾਈ ਆਦਿ ਪੁੱਖਤਾ ਪ੍ਰਬੰਧਾਂ ਲਈ ਸਪੱਸ਼ਟ ਦਿਸ਼ਾ ਨਿਰਦੇਸ਼ ਜਾਰੀ ਕਰ ਦਿੱਤੇ ਗਏ ਹਨ। ਖ੍ਰੀਦ ਪ੍ਰਬੰਧਾਂ ਚ ਕੁਤਾਹੀ ਤੇ ਭਰਿਸ਼ਟਾਚਾਰ ਨੂੰ ਸਰਕਾਰ ਕਦਾਚਿੱਤ ਬਰਦਾਸ਼ਤ ਨਹੀਂ ਕਰੇਗੀ। ਆੜ੍ਹਤੀਆਂ ਤੇ ਪੱਲੇਦਾਰਾਂ ਨੂੰ ਵੀ ਕਿਸਾਨਾਂ ਵਲੋਂ ਹੜ੍ਹਾਂ ਸਮੇਤ ਮੌਜੂਦਾ ਸਮੇਂ ਚ ਬੇਮੌਸਮੀ ਅਣਸੁਖਾਵੀਂਆਂ ਪ੍ਰਸਥਿਤੀਆਂ ਦੀ ਮਾਰ ਝੱਲ ਕੇ ਪੁੱਤਾਂ ਵਾਂਗ ਪਾਲੀ ਕਣਕ ਦੀ ਆਨਾਜ ਮੰਡੀਆਂ ਚ ਖਰੀਦੋ ਫਰੋਖਤ ਸਾਂਭ ਸੰਭਾਲ ਲਈ ਕਿਸਾਨਾਂ ਤੇ ਸਰਕਾਰ ਨੂੰ ਸਹਿਯੋਗ ਦੇਣ ਲਈ ਅੱਗੇ ਆਉਣਾ ਚਾਹੀਦਾ ਹੈ। ਸ. ਧਾਲੀਵਾਲ ਅੱਜ ਆਪਣੇ ਚੋਣ ਹਲਕਾ ਅਜਨਾਲਾ ਦੇ ਪਿੰਡਾਂ ਸਮਰਾਏ ਭੰਡਾਲ, ਸੁਲਤਾਨ ਮਾਹਲ, ਕਲ੍ਹੋਮਹਾਲ, ਦੂਰੀਆਂ, ਬਾਜਵਾ, ਦੂਜੋਵਾਲ, ਗਿੱਲਾਂਵਾਲੀ, ਬੇਦੀ ਛੰਨਾ, ਕੋਟ ਰਜ਼ਾਦਾ, ਸੂਫ਼ੀਆਂ ਆਦਿ ਦਰਜ਼ਨ ਦੇ ਕਰੀਬ ਪਿੰਡਾਂ 'ਚ "ਸ਼ਾਨਦਾਰ ਚਾਰ ਸਾਲ, ਭਗਵੰਤ ਮਾਨ ਦੇ ਨਾਲ" ਮੁਹਿੰਮ ਤਹਿਤ ਪੇਂਡੂ ਲੋਕਾਂ ਨੂੰ ਵਿਕਾਸ ਪੱਖੀ ਮੁਸ਼ਕਲਾਂ ਸੁਣਨ ਅਤੇ ਕਿਸਾਨਾਂ, ਖੇਤ ਮਜ਼ਦੂਰਾਂ ਦੀਆਂ ਕਣਕ ਦੀ ਸਰਕਾਰੀ ਖ੍ਰੀਦ ਸਬੰਧੀ ਸੰਭਾਵੀ ਚਿੰਤਾਵਾਂ ਤੋਂ ਜਾਣੂੰ ਹੋਣ ਲਈ ਸਿੱਧਾ ਸੰਵਾਦ ਰਚਾਉਣ ਮੌਕੇ ਪ੍ਰਭਾਵਸ਼ਾਲੀ ਜਨਤਕ ਮੀਟਿੰਗਾਂ ਨੂੰ ਸੰਬੋਧਨ ਕਰ ਰਹੇ ਸਨ। ਉਨ੍ਹਾਂ ਨੇ ਕੇਂਦਰੀ ਭਾਜਪਾ ਸਰਕਾਰ ਦੀ ਘੇਰਾਬੰਦੀ ਕੀਤੀ ਅਤੇ ਇਲਜ਼ਾਮ ਲਗਾਏ ਕਿ ਪੰਜਾਬ ਦੀ ਪੇਂਡੂ ਵਿਕਾਸ ਹੱਕੀ ਰਕਮ 9 ਹਜ਼ਾਰ ਕਰੋੜ ਰੁਪਏ, ਜੀ ਐਸ ਟੀ ਬਕਾਇਆ ਅਤੇ ਕੌਮੀ ਸਿਹਤ ਮਿਸ਼ਨ ਦੇ ਫੰਡਾਂ ਨੂੰ ਨਜ਼ਾਇਜ਼ ਤੌਰ ਤੇ ਰੋਕ ਕੇ ਪੰਜਾਬ ਨਾਲ ਮਤਰੇਈ ਮਾਂ ਵਾਲਾ ਸਲੂਕ ਪਹਿਲਾਂ ਹੀ ਅਪਣਾਇਆ ਹੋਇਆ ਹੈ ਅਤੇ ਹੁਣ ਚੋਣ ਵਰ੍ਹੇ ਚ ਸਿਆਸੀ ਬਦਲਾਖ਼ੋਰੀ ਤਹਿਤ ਭਾਜਪਾ ਨੂੰ ਕਥਿਤ ਚੋਣ ਲਾਹਾ ਦਿਵਾਉਣ ਲਈ ਇੱਕ ਗਿਣੀ ਮਿਥੀ ਸਾਜਿਸ਼ ਤਹਿਤ ਕੇਂਦਰ ਸਰਕਾਰ ਨੇ ਪੰਜਾਬ ਦੇ ਆੜ੍ਹਤੀਆਂ ਦੀਆਂ ਹੱਕੀ ਮੰਗਾਂ ਤੋਂ ਟਾਲਾ ਵੱਟ ਕੇ ਕਣਕ ਦੀ ਖ੍ਰੀਦ ਚ ਖੱਲਲ ਪਾਉਣ ਲਈ ਗਿਣ ਮਿੱਥ ਕੇ ਸਾਜ਼ਿਸ਼ ਨੀਤੀ ਅਪਣਾਈ ਹੈ ਜਦੋਂ ਕਿ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਵੱਲੋਂ ਆੜ੍ਹਤੀਆਂ ਦੀਆਂ ਹੱਕੀ ਮੰਗਾਂ ਮੰਨਵਾਉਣ ਲਈ ਸਪੱਸ਼ਟ ਰਵਈਆ ਅਪਣਾਉਂਦੇ ਹੋਏ ਕੁੱਝ ਸਮਾਂ ਪਹਿਲਾਂ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਉੱਚ ਤਾਕਤੀ ਮੀਟਿੰਗ ਕਰਕੇ ਅਤੇ ਬਾਅਦ ਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਮੁੱਖ ਮੰਤਰੀਆਂ ਨਾਲ ਆਨ ਲਾਈਨ ਕੀਤੀ ਗਈ ਮੀਟਿੰਗ ਚ ਪ੍ਰਧਾਨ ਮੰਤਰੀ ਮੋਦੀ ਕੋਲ ਕਣਕ ਦੀ ਨਿਰਵਿਘਨ ਸਰਕਾਰੀ ਖ੍ਰੀਦ ਲਈ ਪੰਜਾਬ ਦੇ ਗੁਦਾਮਾਂ ਚ 40 ਲੱਖ ਮੀਟ੍ਰਿਕ ਟਨ ਸਰਕਾਰੀ ਕਣਕ ਦੇ ਭੰਡਾਰ ਨੂੰ ਚੁੱਕਵਾ ਕੇ ਚਾਲੂ ਹਾੜ੍ਹੀ ਚ ਕਣਕ ਦੇ ਨਵੇਂ ਭੰਡਾਰ ਕਰਨ ਲਈ ਵਿਵਸਥਾ ਕਰਨ ਸਮੇਤ ਆੜ੍ਹਤੀਆਂ ਦਾ ਮਾਮਲਾ ਵੀ ਉਠਾਇਆ ਪਰ ਅਜੇ ਤਕ ਕੇਂਦਰ ਸਰਕਾਰ ਮੂਕ ਦਰਸ਼ਕ ਬਣੀ ਹੋਈ ਹੈ। ਉਹਨਾਂ ਨੇ ਕਿਹਾ ਕਿ ਕੇਂਦਰ ਸਰਕਾਰ ਦੇ ਪੰਜਾਬ ਨਾਲ ਕੀਤੇ ਜਾ ਰਹੇ ਕਥਿਤ ਰਾਜਸੀ ਬਦਲਾਖੋਰੀ ਦੇ ਵਤੀਰੇ ਦੇ ਬਾਵਜੂਦ ਮੰਡੀਆਂ ਚੋਂ ਠੀਕ ਉਸੇ ਤਰ੍ਹਾਂ ਹੀ ਕਣਕ ਦੇ ਇੱਕ ਇੱਕ ਦਾਣੇ ਦੀ ਸਰਕਾਰੀ ਖ੍ਰੀਦ ਕਰਕੇ ਕਿਸਾਨਾਂ, ਮਜ਼ਦੂਰਾਂ ਨੂੰ ਰਾਹਤ ਪਹੁੰਚਾਈ ਜਾਵੇਗੀ, ਜਿਵੇਂ ਭਗਵੰਤ ਮਾਨ ਸਰਕਾਰ ਆਪਣੇ ਚਾਰ ਸਾਲ ਦੇ ਕਾਰਜਕਾਲ ਚ ਨਿਰਵਿਘਨ ਫਸਲਾਂ ਦੀ ਖ੍ਰੀਦ ਕਰਦੀ ਆ ਰਹੀ ਹੈ। ਉਨ੍ਹਾਂ ਦੱਸਿਆ ਕਿ ਹਲਕੇ ਚ ਅਜਨਾਲਾ ਸ਼ਹਿਰ ਦੀ ਪ੍ਰਮੁੱਖ ਅਨਾਜ ਮੰਡੀ ਸਮੇਤ 9 ਖ੍ਰੀਦ ਕੇਂਦਰਾਂ ਚ 15 ਕਰੋੜ ਰੁਪਏ ਦੀ ਲਾਗਤ ਨਾਲ ਕਿਸਾਨਾਂ, ਪੱਲੇਦਾਰਾਂ ਤੇ ਆੜ੍ਹਤੀਆਂ ਦੀ ਸੁੱਖ ਸਹੂਲਤ ਲਈ ਕਰੀਬ 88 - 88 ਲੱਖ ਦੀ ਲਾਗਤ ਨਾਲ 14 ਨਵੇਂ ਸ਼ੈੱਡ ਉਸਾਰਨ ਤੇ ਹੋਰ ਵਿਕਾਸ ਕਾਰਜ ਮੁਕੰਮਲ ਕਰਨ ਤੋਂ ਇਲਾਵਾ ਮੰਡੀਆਂ ਨੂੰ ਜਾਣ ਵਾਲੀਆਂ ਲਿੰਕ ਸੜਕਾਂ ਨੂੰ ਅਪਗਰੇਡ ਕਰਨ ਲਈ ਵੱਖਰੇ ਤੌਰ ਤੇ ਕਰੋੜਾਂ ਰੁਪਏ ਖਰਚ ਕੀਤੇ ਗਏ ਹਨ। ਇਸ ਮੌਕੇ ਤੇ ਖੁਸ਼ਪਾਲ ਸਿੰਘ ਧਾਲੀਵਾਲ, ਪੀ ਏ ਮੁਖ਼ਤਾਰ ਸਿੰਘ ਬਲੜਵਾਲ,ਚੇਅਰਮੈਨ ਪ੍ਰਿਥੀਪਾਲ ਸਿੰਘ ਘੋਨਵਾਲਾ, ਬਲਾਕ ਪ੍ਰਧਾਨ ਜਸਪਿੰਦਰ ਸਿੰਘ ਜੇ ਪੀ ਸਮੇਤ ਪਿੰਡਾਂ ਦੇ ਪੰਚ, ਸਰਪੰਚ, ਮੋਹਤਬਰ ਤੇ ਵਲੰਟੀਅਰਜ਼ ਵੱਡੀ ਗਿਣਤੀ ਚ ਮੌਜੂਦ ਸਨ।






ਫੋਟੋ : ਪਰਮਿੰਦਰ ਚੋਹਲਾ

# ਆਲ ਪੰਜਾਬ ਆਂਗਣਵਾੜੀ ਮੁਲਾਜ਼ਮ ਯੂਨੀਅਨ ਵੱਲੋਂ ਆਂਗਣਵਾੜੀ ਸੈਂਟਰਾਂ ਲਈ ਖਰੀਦੇ ਫੋਨ ਰੂਰਲ ਡਿਪਾਰਟਮੈਂਟ ਨੂੰ ਦੇਣ ਦਾ ਵਿਰੋਧ।

ਚੋਹਲਾ ਸਾਹਿਬ 3 ਅਪ੍ਰੈਲ ((ਸਨਦੀਪ ਸਿੱਧੂ,ਪਰਮਿੰਦਰ ਚੋਹਲਾ))

ਆਲ ਪੰਜਾਬ ਆਂਗਣਵਾੜੀ ਮੁਲਾਜ਼ਮ ਯੂਨੀਅਨ ਦੇ ਬਲਾਕ ਪਰਧਾਨ ਜਤਿੰਦਰ ਕੌਰ ਭੈਲ ਨੇ ਕਿਹਾ ਕਿ ਸਰਕਾਰ ਨੇ ਜੋ ਸਮਾਰਟ ਫੋਨ ਆਂਗਣਵਾੜੀ ਪੋਸ਼ਣ ਅਭਿਆਨ ਦੇ ਅਧੀਨ ਆਂਗਣਵਾੜੀ ਸੈਂਟਰਾਂ ਵਿੱਚ ਦੇਣ ਲਈ ਖਰੀਦੇ ਸਨ ਉਹ ਫੋਨ ਹੁਣ ਸਰਵੇ ਕਰਨ ਲਈ ਰੂਰਲ ਡਿਵੈਲਪਮੈਂਟ ਮਹਿਕਮੇ ਨੂੰ ਦਿੱਤੇ ਜਾ ਰਹੇ ਹਨ, ਉਹਨਾਂ ਨੇ ਕਿਹਾ ਕਿ ਸਰਕਾਰ ਜੋ 13 ਅਪ੍ਰੈਲ ਨੂੰ ਮਾਵਾਂ ਧੀਆਂ ਸਤਿਕਾਰਯੋਗ ਯੋਜਨਾ ਸ਼ੁਰੂ ਕਰ ਰਹੀ ਹੈ ਉਸ ਵਿੱਚ ਜੋ ਫਾਰਮ ਆਂਗਣਵਾੜੀ ਵਰਕਰਾਂ ਨੂੰ ਆਪਣੇ ਫੋਨਾਂ ਤੋਂ ਭਰਨ ਲਈ ਕਿਹਾ ਜਾ ਰਿਹਾ ਹੈ, ਉਹ ਆਂਗਣਵਾੜੀ ਵਰਕਰ ਆਪਣੇ ਪਰਸਨਲ ਫੋਨਾਂ ਤੋਂ ਨਹੀਂ ਭਰਨਗੀਆਂ, ਜੇਕਰ ਸਰਕਾਰ ਆਂਗਣਵਾੜੀ ਵਰਕਰਾਂ ਨੂੰ ਸਮਾਰਟ ਫੋਨ ਦੇਵੇਗੀ ਜੋ ਪੋਸ਼ਨ ਅਭਿਆਨ ਦੇ ਅੰਡਰ ਉਹਨਾਂ ਲਈ ਖਰੀਦੇ ਗਏ ਹਨ, ਤਾਂ ਹੀ ਇਹ ਯੋਜਨਾ ਦੇ ਫਾਰਮ ਭਰੇ ਜਾਣਗੇ ਸਰਕਲ ਪਰਧਾਨ ਰਜਵੰਤ ਕੌਰ ਰਾਜਬੀਰ ਕੌਰ ਦਵਿੰਦਰ ਕੌਰ ਰਾਜਦਵਿਦਰ ਕੌਰ ਹਰਮੀਤ ਕੌਰ ਕੁਲਬੀਰ ਕੌਰ ਆਦਿ ਨੇ ਮੰਗ ਕੀਤੀ ਕਿ ਇਹਨਾਂ ਫਾਰਮਾਂ ਨੂੰ ਅਪਲੋਡ ਕਰਨ ਲਈ ਘੱਟੋ ਘੱਟ 100 ਰੁਪਏ ਪ੍ਰਤੀ ਫਾਰਮ ਆਗਣਵਾੜੀ ਵਰਕਰ ਨੂੰ ਦਿੱਤਾ ਜਾਵੇ। ਸਰਕਾਰ ਨੇ ਮਾਣ ਭੱਤਾ ਦੁਗਣਾ ਕਰਨ ਦਾ ਵਾਅਦਾ ਕਰਿਆ ਸੀ ਪਰ ਕੰਮ ਕਰਨ ਬਦਲੇ ਵੀ ਮਾਣ ਭੱਤਾ ਨਹੀਂ ਦਿੰਦੇ ਜੋ ਬਹੁਤ ਹੀ ਦੁੱਖ ਦੀ ਗੱਲ ਹੈ।

# ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਵੱਲੋਂ ਖਾਲਸਾ ਪੰਥ ਦੇ ਸਾਜਨਾ ਦਿਵਸ ਨੂੰ ਸਮਰਪਿਤ ਵਿਸ਼ੇਸ਼ ਸੈਮੀਨਾਰ ਕਰਵਾਇਆ ਗਿਆ




**ਚੋਹਲਾ ਸਾਹਿਬ 3 ਅਪ੍ਰੈਲ ((ਸਨਦੀਪ ਸਿੱਧੂ,ਪਰਮਿੰਦਰ ਚੋਹਲਾ)) ।**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ ਦੇ ਪ੍ਰਬੰਧ ਅਧੀਨ ਚੱਲ ਰਹੇ ਗੁਰੂ ਅਰਜਨ ਦੇਵ ਖਾਲਸਾ ਕਾਲਜ, ਚੋਹਲਾ ਸਾਹਿਬ ਵਿੱਚ ਅੱਜ ਪ੍ਰਿੰਸੀਪਲ ਡਾ. ਹਰਮਨਦੀਪ ਸਿੰਘ ਦੇ ਦਿਸ਼ਾ-ਨਿਰਦੇਸ਼ ਹੇਠ ਅਤੇ ਧਾਰਮਿਕ ਵਿਭਾਗ ਦੇ ਮੁਖੀ ਪ੍ਰੋ. ਕਿਰਨਜੀਤ ਕੌਰ ਦੀ ਯੋਗ ਅਗਵਾਈ ਵਿੱਚ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਵੱਲੋਂ ਖਾਲਸਾ ਪੰਥ ਦੇ ਸਾਜਨਾ ਦਿਵਸ ਨੂੰ ਸਮਰਪਿਤ ਵਿਸ਼ੇਸ਼ ਸੈਮੀਨਾਰ ਕਰਵਾਇਆ ਗਿਆ। ਇਸ ਮੌਕੇ 'ਨੈਤਿਕ ਸਿੱਖਿਆ' ਪ੍ਰੀਖਿਆ ਦੇ ਨਤੀਜੇ ਵੀ ਐਲਾਨੇ ਗਏ। ਇਸ ਸਮਾਗਮ ਦਾ ਮੁੱਖ ਉਦੇਸ਼ ਨੌਜਵਾਨਾਂ ਵਿੱਚ ਗੁਰਮਤਿ ਮੁੱਲਾਂ ਅਤੇ ਉੱਚੇ ਆਚਰਨ ਦੀ ਪ੍ਰੇਰਨਾ ਪੈਦਾ ਕਰਨਾ ਸੀ। ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਸ੍ਰ ਹਰਜਿੰਦਰ ਸਿੰਘ ਨੇ ਸ਼ਿਰਕਤ ਕੀਤੀ। ਉਨ੍ਹਾਂ ਨੇ ਖਾਲਸਾ ਪੰਥ ਦੀ ਸਥਾਪਨਾ, ਇਸ ਦੀ ਮਹੱਤਤਾ ਅਤੇ ਅਜੋਕੀ ਪੀੜ੍ਹੀ ਲਈ ਇਸ ਦੇ ਸੰਦੇਸ਼ ਬਾਰੇ ਵਿਸਥਾਰ ਨਾਲ ਆਪਣੇ ਕੀਮਤੀ ਵਿਚਾਰ ਸਾਂਝੇ ਕੀਤੇ। ਉਨ੍ਹਾਂ ਕਿਹਾ ਕਿ ਖਾਲਸਾ ਸਿਰਫ਼ ਇੱਕ ਪਹਿਚਾਣ ਨਹੀਂ, ਸਗੋਂ ਸੱਚਾਈ, ਹਿੰਮਤ ਅਤੇ ਨਿਆਂ ਦੇ ਰਾਹ 'ਤੇ ਚੱਲਣ ਦੀ ਪ੍ਰੇਰਨਾ ਹੈ। ਉਨ੍ਹਾਂ ਨੇ ਇਹ ਵੀ ਉਲੇਖ ਕੀਤਾ ਕਿ ਆਧੁਨਿਕ ਜੀਵਨ ਵਿੱਚ ਨੈਤਿਕ ਮੁੱਲਾਂ ਦੀ ਬਹੁਤ ਜ਼ਰੂਰਤ ਹੈ, ਜੋ ਵਿਅਕਤੀ ਨੂੰ ਸਫਲ ਅਤੇ ਸਮਾਜ ਲਈ ਲਾਭਕਾਰੀ ਬਣਾਉਂਦੇ ਹਨ। ਇਸ ਦੌਰਾਨ ਸਾਲ 2025 ਦੀ ਨੈਤਿਕ ਸਿੱਖਿਆ ਪ੍ਰੀਖਿਆ ਦੇ ਨਤੀਜੇ ਐਲਾਨੇ ਗਏ ਅਤੇ ਉੱਤਮ ਪ੍ਰਦਰਸ਼ਨ ਕਰਨ ਵਾਲੇ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ। ਸਕੂਲ ਪੱਧਰ 'ਤੇ ਬਾਰ੍ਹਵੀਂ ਜਮਾਤ ਦੀ ਵਿਦਿਆਰਥਣ ਹਰਮਨਜੋਤ ਕੌਰ ਨੇ ਪਹਿਲਾ, ਸੁਖਮਨਪ੍ਰੀਤ ਕੌਰ ਨੇ ਦੂਜਾ ਅਤੇ ਜਸਪ੍ਰੀਤ ਕੌਰ ਨੇ ਤੀਜਾ ਸਥਾਨ ਹਾਸਲ ਕੀਤਾ। ਕਾਲਜ ਪੱਧਰ 'ਤੇ ਬੀ.ਏ. ਭਾਗ ਦੂਜਾ ਦੀ ਵਿਦਿਆਰਥਣ ਨਵਜੋਤ ਕੌਰ ਨੇ ਪਹਿਲਾ, ਬੀ.ਸੀ.ਏ. ਦੀ ਰਮਨਦੀਪ ਕੌਰ ਨੇ ਦੂਜਾ ਅਤੇ ਬੀ.ਏ. ਭਾਗ ਦੂਜਾ ਦੀ ਕਵਲਜੀਤ ਕੌਰ ਨੇ ਤੀਜਾ ਸਥਾਨ ਹਾਸਲ ਕਰਕੇ ਕਾਲਜ ਦਾ ਨਾਮ ਰੌਸ਼ਨ ਕੀਤਾ। ਇਸ ਤੋਂ ਇਲਾਵਾ, ਸਟੱਡੀ ਸਰਕਲ ਦੀਆਂ ਗਤੀਵਿਧੀਆਂ ਵਿੱਚ ਸਰਗਰਮ ਭੂਮਿਕਾ ਨਿਭਾਉਣ ਵਾਲੀਆਂ ਵਿਦਿਆਰਥਣਾਂ ਵੀਰਪਾਲ ਕੌਰ ਅਤੇ ਮਹਿਕਪ੍ਰੀਤ ਕੌਰ ਨੂੰ ਵਿਸ਼ੇਸ਼ ਸਨਮਾਨ ਚਿੰਨ ਦੇ ਕੇ ਨਵਾਜਿਆ ਗਿਆ। ਅੰਤ ਵਿੱਚ ਪ੍ਰਿੰਸੀਪਲ ਡਾ. ਹਰਮਨਦੀਪ ਸਿੰਘ ਗਿੱਲ ਜੀ ਨੇ ਮੁੱਖ ਮਹਿਮਾਨ ਅਤੇ ਹਾਜ਼ਰੀਨ ਦਾ ਧੰਨਵਾਦ ਕੀਤਾ ਅਤੇ ਵਿਦਿਆਰਥੀਆਂ ਨੂੰ ਪ੍ਰੇਰਿਤ ਕੀਤਾ ਕਿ ਉਹ ਉਨ੍ਹਾਂ ਵੱਲੋਂ ਸਾਂਝੇ ਕੀਤੇ ਗੁਰਮਤਿ ਅਤੇ ਨੈਤਿਕ ਮੁੱਲਾਂ ਨੂੰ ਆਪਣੀ ਜ਼ਿੰਦਗੀ ਵਿੱਚ ਅਪਣਾਉਣ। ਉਨ੍ਹਾਂ ਨੇ ਇਨਾਮ ਹਾਸਲ ਕਰਨ ਵਾਲੇ ਵਿਦਿਆਰਥੀਆਂ ਦੀ ਹੌਸਲਾ ਅਫਜ਼ਾਈ ਕਰਦੇ ਹੋਏ ਉਨ੍ਹਾਂ ਨੂੰ ਭਵਿੱਖ ਵਿੱਚ ਹੋਰ ਵਧੀਆ ਪ੍ਰਦਰਸ਼ਨ ਕਰਨ ਲਈ ਉਤਸ਼ਾਹਿਤ ਕੀਤਾ। ਇਸ ਮੌਕੇ 'ਤੇ ਕਾਲਜ ਦਾ ਸਟਾਫ ਅਤੇ ਵੱਡੀ ਗਿਣਤੀ ਵਿੱਚ ਵਿਦਿਆਰਥੀ ਹਾਜ਼ਰ ਸਨ।

